# ਵਤਨੋਂ ਦੂਰ

New Address since January 1977.
WATNO DUR
14768 HALSTEAD PLACE
SURREY, B.C. V3R 6S5

7

ਸੰਪਾਦਕ :
ਸੁਰਿੰਦਰ ਧੰਜਲ
ਜਨਵਰੀ 1974
50 ਸੈਂਟ





ਮੇਰਾ ਚੁਟਕੀ ਚੁਟਕੀ ਵਿਕਿਆ, ਮਾਸ ਕਿਰਤ ਦੀ ਮੰਡੀ,
ਹੁਣ ਬਾਲਣ 'ਚੋਂ ਕੀ ਟੋਲੇਂਗਾ, ਮੇਰੀ ਅੱਗ ਦਿਆ ਸਾਈਆਂ ।

LITERARY & CULTURAL
MONTHLY OF PANJABI

THE WATNO DŪR

Post Box No. 1041
Coquitlam, B.C., Canada

*Fashions from all over the world at low, low prices!*



**PUNJAB FASHION STORE**

*Embroidered sarees and suits, trouser suits, cardigans, gloves, sweaters, fabrics and all kinds of men's and children's clothes from U.K., India and Japan.*

**4328 Main St.**
**(at 27th Ave.)**
**Vancouver 10, B.C.**

**Tel. 879-2612**

ਪੰਜਾਬ ਫ਼ੈਸਨ ਸੋਟਰ ਵੈਨਕੋਵਰ

ਪੰਜਾਬੀਆਂ ਦੀ ਉਹ ਹਰਮਨ ਪਿਆਰੀ ਦੁਕਾਨ ਹੈ
ਜਿੱਥੋਂ ਮਰਦਾਂ, ਇਸਤ੍ਰੀਆਂ ਤੇ ਬੱਚਿਆਂ ਲਈ; ਭਾਰਤ
ਇੰਗਲੈਂਡ ਤੇ ਜਾਪਾਨ ਦੀਆਂ ਕੋਟੀਆਂ, ਕਮੀਜ਼ਾਂ, ਸੂਟ,
ਸਾੜ੍ਹੀਆਂ, ਪੈਂਟਾਂ, ਫਰਾਕਾਂ ਤੇ ਬਲਾਊਜ਼ ਵਧੀਆ ਅਤੇ
ਸਸਤੇ ਮਿਲਦੇ ਹਨ।

ਜੇ ਤੁਸੀਂ ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ ਤਾਂ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ। ਟੈਲੀਫ਼ੋਨ: 879-7571, 524-9848, MOBILE 38.

**MELTON**
REAL ESTATE (B.C.) LTD.

FORMERLY A.E. AUSTIN & CO. LTD.

**HARPAL TOOR**

1435 KINGSWAY
VANCOUVER 12, B. C.

OFF. 879-7571
RES. 524-9848

*B. C.'s First Computerized Real Estate Service*

# ARE YOU IN DANGER OF LIVING TOO LONG? .......WITHOUT INCOME

Happy retirement requires an adequate income guaranteed for as long as you or your wife may live. Interested? Give me a call.



T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307

THE MONARCH LIFE ASSURANCE COMPANY

1520 - 777 Hornby Street
Vancouver 1, B.C.
684-5322

ਕੁਈਨ ਐਲਿਜ਼ਬੈੱਥ ਪਲੇਹਾਊਸ ਵੈਨਕੋਵਰ ਦੀ ਸਟੇਜ ਤੇ 6 ਜਨਵਰੀ 1974 ਨੂੰ ਦੁਪਹਿਰ 1.00 ਵਜੇ
ਪੰਜਾਬ ਕਲਾ ਮੰਚ ਪਟਿਆਲਾ ਵੱਲੋਂ ਬਲਵੰਤ ਗਾਰਗੀ ਰਚਿਤ ਲੋਕ-ਪ੍ਰਿਯ ਪੇਸ਼ਕਸ਼

ਤੀਆਂ, ਮੇਲਿਆਂ, ਗੱਭਰੂਆਂ, ਮੁਟਿਆਰਾਂ, ਵੈਲੀਆਂ, ਵਣਜਾਰਿਆਂ ਤੇ ਧੜੱਲੇਦਾਰਾਂ ਵਿੱਚ ਦੀ ਗੁਜ਼ਰਦੇ ਹੁਸਨ ਤੇ ਇਸ਼ਕ ਦਾ ਦੁਖਾਂਤ — ਹੱਸਦੇ, ਨੱਚਦੇ, ਭੰਗੜਾ ਪਾਉਂਦੇ ਤੇ ਭੰਡਾਂ ਦਾ ਤਮਾਸ਼ਾ ਮਾਣਦੇ ਪੰਜਾਬ ਦੀ ਜਿਊਂਦੀ - ਜਾਗਦੀ ਰੰਗੀਨ ਕਲਾਮਈ ਤਸਵੀਰ :

# ਕਣਕ ਦੀ ਬੱਲੀ

ਉੱਤਰੀ ਅਮਰੀਕਾ ਮਹਾਂਦੀਪ ਦਾ ਦੌਰਾ ਕਰ ਰਹੇ
ਪੰਜਾਬ ਕਲਾ ਮੰਚ ਪਟਿਆਲਾ ਦੇ ਕਲਾਕਾਰਾਂ ਨੇ
ਭਾਰਤ ਸਰਕਾਰ ਦੇ ਆਲ ਇੰਡੀਆ ਡਰਾਮਾ ਫੈਸਟੀਵਲ ਵਿੱਚ
ਕਣਕ ਦੀ ਬੱਲੀ
ਨਾਟਕ ਭਰਪੂਰ ਸਫਲਤਾ ਨਾਲ ਖੇਡਿਆ ਅਤੇ ਸਾਰੀਆਂ ਭਾਰਤੀ ਬੋਲੀਆਂ
ਦੇ ਨਾਟਕਾਂ ਵਿਚੋਂ ਦੂਜਾ ਇਨਾਮ ਹਾਸਲ ਕਰਕੇ ਭਾਰਤ ਵਿੱਚ ਪੰਜਾਬੀ ਥੀਏਟਰ ਦਾ ਸਿਰ
ਉੱਚਾ ਕੀਤਾ!

ਪਾਤਰ :- ਨੀਨਾ ਟਿਵਾਣਾ, ਚਰਨਜੀਤਾ ਚੀਮਾ, ਬਲਿੰਦਰ ਜੌਹਲ, ਮਨਜੀਤ,
ਯੋਗ ਰਾਜ ਸੇਢਾ, ਮੋਹਨ ਬੱਗਣ, ਗੁਰਦੀਪ ਗਰੇਵਾਲ, ਸੁਰਿੰਦਰ ਧੰਜਲ,
ਹਰਪਾਲ ਟਿਵਾਣਾ ਅਤੇ ਬਹੁਤ ਸਾਰੇ ਮੁੰਡੇ-ਕੁੜੀਆਂ

ਨਿਰਦੇਸ਼ਕ :- ਹਰਪਾਲ ਟਿਵਾਣਾ
DIRECTOR :- HARPAL TIWANA

ਟਿਕਟ: $3, 4 ਤੇ 5.

ਫ਼ੋਨ: 879-2858

PRODUCTION MANAGER: YOG RAJ SEDHA

COSTUMES: NEENA TIWANA

MUSIC: MOHAN BAGGAN

LIGHTING: GURDEEP GREWAL

ਸੂ: ਸੁਰਜਨ ਸਿੰਘ ਗਿੱਲ ਵੱਲੋਂ ਨਵਾਂ ਸਾਲ ਮੁਬਾਰਕ! ਉਨ੍ਹਾਂ ਦੀਆਂ ਦੋ ਸੇਵਾਵਾਂ ਹਨ:-

# S. SURJAN SINGH GILL

OFFERS TWO TYPES OF SERVICES

## International Travel Service

1113-6th Ave., New Westminster, B.C., Canada. Tel: 524-5244 or 879-9040
Mailing Address: Box# 77057, Station S., Vancouver 16, B. C., Canada.
# 4-2414 MAIN STREET, VANCOUVER, B.C. (RES. 879-9603)



ਸੁਰਜਨ ਸਿੰਘ ਗਿੱਲ
ਫ਼ੋਨ:
524-5244, 879-9040, 879-9603

ENGLAND? FRANCE? HOLLAND? SINGAPORE? MALAYA?
JAPAN? AUSTRALIA? MOSCOW? CHINA? NEW ZEALAND?
FIJI?

IN FACT ANYWHERE IN THE WORLD

## COME

## AND MAKE USE OF OUR SERVICES

● IMMIGRATION ● VISA ● PASSPORT
● and anything connected with it

Our Motto is :
" LOWER FARES - - - MORE TRAVEL - - - HIGHER COMFORTS "

COME - WRITE - PHONE - 1113 - 6th AVE., NEW WESTMINSTER, B. C.
Telephones : BUS.: 524-5244 RES.: 879-9040

ਲਿਖੋ - ਮਿਲੋ ਜਾਂ
ਫ਼ੋਨ ਕਰੋ
1113 - 6th AVENUE
NEW WESTMINSTER , B.C.

Telephone No. Bus.: 524-5244.
Res.: 879-9040.
879-9603.

Mailing Address:
Box #77057, Station S. Vancouver 16

ਕੀ ਤੁਸੀਂ ਕਦੀ ਖਾਲਸਾ ਸਟੋਰ ਵਿਚ ਆਏ ਹੋ? ਜੇ ਨਹੀਂ ਤਾਂ ਆਓ - ਏਹ ਤੁਹਾਡਾ ਆਪਣਾ ਸਟੋਰ ਹੈ।
ਇਥੇ ਤੁਹਾਨੂੰ ਹਿੰਦੁਸਤਾਨੀਆਂ ਖਾਣਿਆਂ ਦੀ ਹਰ ਚੀਜ਼ ਖਾਲਸ ਤੇ ਸਸਤੀ ਮਿਲ ਸਕਦੀ ਹੈ।

# ਖ਼ਾਲਸਾ ਇਮਪੋਰੀਅਮ

**ਵਿਸ਼ੇਸ਼**

* ਮੱਕੀ ਤੇ ਕਣਕ ਦਾ ਆਟਾ
* ਸਾਰੇ ਅਚਾਰ
ਸਾਰੀਆਂ ਦਾਲਾਂ
* ਸਰ੍ਹੋਂ ਦਾ ਤੇਲ
* ਸਾਰੇ ਮਸਾਲੇ
* ਘਲਾੜੀ ਦਾ ਗੁੜ
* ਗਿਰੀਆਂ
* ਪਾਪੜ
* ਤੇ ਕਈ ਹੋਰ ਪਦਾਰਥ

**ਅਣਮੋਲ ਤੁਹਫ਼ੇ** ਵਿਆਹ ਸ਼ਾਦੀ ਦਾ ਸਾਮਾਨ ਜਿਵੇਂ ਸਿਹਰੇ, ਵੰਗਾਂ, ਪ੍ਰਾਂਦੀਆਂ, ਮਹਿੰਦੀ, ਖੇਪਾ, ਸੈੱਟ, ਕੂਜਾ ਮਿਸ਼ਰੀ ਕਿਰਪਾਨਾਂ ਅਤੇ ਅਲਗੋਜ਼ੇ।

**ਗੱਭਰੂਆਂ ਲਈ** ਕਲੀਆਂ ਵਾਲੇ ਕੁੜਤੇ ਅਤੇ ਕੱਢਵੀਆਂ ਜੁੱਤੀਆਂ

LITERARY & CULTURAL MONTHLY OF PANJABI

# THE WATNO DŪR

Post Box No. 1041
Coquitlam, B.C., Canada

SECOND CLASS MAIL
REGISTRATION NO. 3233

TELEPHONE:
874-5403

VOLUME : II
NUMBER : 7
PRICE : 50¢
JANUARY 1974.

ਸਾਲ : 2
ਅੰਕ : 7
ਮੁੱਲ : 50 ਸੈਂਟ
ਜਨਵਰੀ 1974.

ਸਾਲਾਨਾ ਚੰਦਾ:
ਕੈਨੇਡਾ-ਅਮਰੀਕਾ : ਛੇ ਡਾਲਰ
ਇੰਗਲੈਂਡ : ਤਿੰਨ ਪੌਂਡ

PUBLISHER:
TARA SINGH HAYER
6626 - 124 A STREET
SURREY, B.C.
CANADA.

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

ਪੋਸਟ ਬਾਕਸ ਨੰਬਰ 1041
ਕੋਕੁਇਟਲਮ, ਬੀ.ਸੀ., ਕੈਨੇਡਾ.


## ਵਿਸ਼ੇਸ਼ ਅੰਕ (ਜਨਵਰੀ 74)


ਸੰਪਾਦਕ:
ਸੁਰਿੰਦਰ ਧੰਜਲ

EDITOR:
SURINDER DHANJAL

ਸਹਾਇਕ ਸੰਪਾਦਕ:
ਭੁਪਿੰਦਰ ਧਾਲੀਵਾਲ

Asstt. Editor:
BHUPINDER DHALIWAL

ਮੈਨੇਜਿੰਗ ਐਡੀਟਰ : ਚਰਨਜੀਤ ਸਿੱਧੂ
ਐਡਵਰਟਾਈਜ਼ਿੰਗ ਐਡੀਟਰ: ਦਿਲਜੀਤ ਤੂਰ
ਆਰਟ ਐਡੀਟਰ : ਨਿਰਮਲ ਧਾਲੀਵਾਲ
ਸਰਕੂਲੇਸ਼ਨ ਐਡੀਟਰ : ਜਸਵਿੰਦਰ ਭੰਗੂ

Managing Editor : Charanjeet Sidhoo
Advertising Editor : Diljit Toor
Art Editor : Nirmal Dhaliwal
Circulation Editor : Jaswinder Bhangu

ਵਿਸ਼ੇਸ਼ ਪ੍ਰਤੀਨਿਧ:

ਸੁਖਪਾਲ ਟੱਲੇਵਾਲੀਆ : ਬਰਨੇਬੀ, ਬੀ.ਸੀ.
ਲਾਟ ਭਿੰਡਰ : ਕੈਮਲੂਪਸ, ਬੀ.ਸੀ.
ਗੁਰਚਰਨ ਟੱਲੇਵਾਲੀਆ : ਨਿਊ ਵੈੱਸਟ ਮਿਨ., ਬੀ.ਸੀ.
ਕਰਮਜੀਤ ਘੁਮਾਣ : ਕੈਂਬਲ ਰਿਵਰ, ਬੀ.ਸੀ.
ਹਰਨੇਕ ਮਾਨ, ਜੋਗਿੰਦਰ ਔਲਖ : ਪ੍ਰਿੰਸ ਜੌਰਜ, ਬੀ.ਸੀ.
ਰਮੇਸ਼ ਸਫ਼ਰੀ : ਵਿਨੀਪੈੱਗ, ਮੈਨੀਟੋਬਾ.

SPECIAL REPRESENTATIVES:-

Sukhpal Tallewalia : BURNABY, B.C.
Latt Bhinder : KAMLOOPS, B.C.
Gurcharan Tallewalia : NEW-WEST MIN., B.C.
Karamjit Ghuman : CAMPBELL RIVER, B.C.
Harnek Mann, Joginder Aulakh : PRINCE GEORGE, B.C.
Ramesh Saffri : WINNIPEG, MANITOBA

ਮੁੱਖ ਚਿੱਤਰ: ਨਿਰਮਲ ਧਾਲੀਵਾਲ

# ਐਡੀਟੋਰੀਅਲ :-

**ਐਡੀਟੋਰੀਅਲ ਨੋਟ:-**

ਵੀਹਵੀਂ ਸਦੀ:
ਬੰਦੇ ਦਾ ਮਨ ਉੱਚਾ, ਮੱਤ ਨੀਵੀਂ
ਮੱਤ-ਪੱਤ ਦਾ ਰਾਖਾ - ਸਿੱਕਾ, ਚਾਂਦੀ
(ਭੁਪਿੰਦਰ ਧਾਲੀਵਾਲ)

## ਅਨੁਮਾਨ

'ਵਤਨੋਂ ਦੂਰ' ਦਾ ਇਹ ਵਿਸ਼ੇਸ਼-ਅੰਕ ਕੈਨੇਡਾ ਦੇ ਕੁਝ ਕੁ ਚੋਣਵੇਂ ਲੇਖਕਾਂ ਨੂੰ ਇੱਕੋ ਅੰਕ ਵਿੱਚ ਪੇਸ਼ ਕਰਨ ਦਾ ਪਹਿਲਾ ਤੇ ਨਿਮਾਣਾ ਜਿਹਾ ਜਤਨ ਹੈ।

ਕੁਝ ਪ੍ਰਬੰਧਕੀ ਕਾਰਣਾਂ ਕਰਕੇ ਪਰਚਾ ਪਾਠਕਾਂ ਦੇ ਹੱਥਾਂ ਵਿੱਚ ਥੋੜ੍ਹਾ ਜਿਹਾ ਲੇਟ ਪੁੱਜ ਰਿਹਾ ਹੈ, ਖ਼ਿਮਾ ਮੰਗਦੇ ਹਾਂ।

ਅਸੀਂ ਪਾਠਕਾਂ ਨਾਲ ਇਹ ਖ਼ੁਸ਼ੀ ਸਾਂਝੀ ਕਰਨਾ ਚਾਹੁੰਦੇ ਹਾਂ ਕਿ 'ਵਤਨੋਂ ਦੂਰ' ਨੂੰ ਪਿਛਲੇ ਮਹੀਨੇ ਤੋਂ SECOND CLASS MAIL REGISTRATION ਮਿਲ ਗਈ ਹੈ।

1973 ਦੇ ਆਪਣੇ ਛੇ ਮਹੀਨੇ ਪੂਰੇ ਕਰਕੇ 1974 ਵਿੱਚ ਪ੍ਰਵੇਸ਼ ਕਰ ਰਿਹਾ 'ਵਤਨੋਂ ਦੂਰ' ਆਪਣੇ ਸਾਰੇ ਸਹਿਯੋਗੀਆਂ ਨੂੰ ਸ਼ੁਭ-ਇੱਛਾਵਾਂ ਭੇਟ ਕਰਦਾ ਹੈ; ਪਰ ਕਵੀ ਬੂਟਾ ਰਾਮ ਦੇ ਸ਼ਬਦਾਂ ਵਿੱਚ:

ਜਨਮ-ਦਿਨ, ਤਿੱਥਾਂ ਤੇ ਗਿਣਤੀਆਂ.
ਜ਼ਿੰਦਗੀ ਦਾ ਨਾਪ ਨਹੀਂ ਬਣਦੀਆਂ
ਜ਼ਿੰਦਗੀ ਦਾ ਲਾਭ ਖਾਂ ਅਨੁਮਾਨ ਕੁਝ
ਸਾਡੇ ਆਪਣੇ ਪਾਸ ਹਿੱਸਾ ਕਿੰਨਾ ਕੁ!

ਇਹ ਸਵਾਲ ਚਟਾਨ ਬਣਿਆ ਖੜ੍ਹਾ ਹੈ।
ਆਓ! ਅਨੁਮਾਨ ਲਾਈਏ !!

- ਸੁਰਿੰਦਰ ਧੰਜਲ

# ਕੈਨੇਡਾ ਦੇ ਕਵੀ

ਅਗਲੇ ਦੋ ਸਫ਼ਿਆਂ ਵਿੱਚ, ਕਾਵਿ-ਸੰਗ੍ਰਹਿ ਦੇ ਰੂਪ ਵਿੱਚ ਪ੍ਰਕਾਸ਼ਤ ਹੋਣ ਵਾਲੇ ਪੰਜ ਕਵੀਆਂ – ਗੁਰਚਰਨ ਰਾਮਪੁਰੀ, ਨਵਤੇਜ ਭਾਰਤੀ, ਗੁਰਮੇਲ ਸਿੰਘ ਗਾਹੀ, ਗਿੱਲ ਮੋਰਾਂਵਾਲੀ ਤੇ ਗੁਰਦਿਆਲ ਸਿੰਘ ਕੰਵਲ - ਦੀਆਂ ਰਚਨਾਵਾਂ ਪੇਸ਼ ਹਨ।

ਗੁਰਚਰਨ ਰਾਮਪੁਰੀ ਨੇ ਹੁਣ ਤੱਕ ਚਾਰ ਕਾਵਿ-ਸੰਗ੍ਰਹਿ ਪੰਜਾਬੀ-ਸਾਹਿੱਤ ਨੂੰ ਦਿੱਤੇ ਹਨ। ਆਪਣੀਆਂ ਪਹਿਲੀਆਂ ਦੋ ਪੁਸਤਕਾਂ ਵਿੱਚ ਉਸਨੇ ਤੋਲ-ਤੁਕਾਂਤ ਤੇ ਪੂਰੀਆਂ ਉੱਤਰਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਲਿਖੀਆਂ ਹਨ ਤੇ ਬਾਅਦ ਦੀਆਂ ਰਚਨਾਵਾਂ ਛੰਦ-ਰਹਿਤ। ਉਨ੍ਹਾਂ ਦੀ ਸੱਜਰੀ ਰਚਨਾ ਪੜ੍ਹਕੇ ਲਗਦਾ ਹੈ ਕਿ ਜੇ 'ਅੰਨ੍ਹੀ ਗਲ਼ੀ' ਦੇ ਪੜਾ ਤੱਕ ਹਾਸਲ ਕੀਤੇ ਅਧਿਅਨ, ਦੇਸ਼ਬਦੇਸ਼ ਦੀ ਯਾਤਰਾ ਨਾਲ ਕਮਾਈ ਵਿਸ਼ਾਲਤਾ ਤੇ ਨੀਝ ਨਾਲ ਚੁਣੇ ਵਿਸ਼ਿਆਂ ਵਿੱਚ ਉਨ੍ਹਾਂ 'ਕੋਲ ਕਤਾਰ'(60) ਵਾਲੀ ਸਿੰਗੀ ਲੈ ਸ਼ਾਮਲ ਕਰ ਲਈ ਤੇ ਚਿਤਰਨ ਵਾਲੇ ਵਿਸ਼ਿਆਂ ਦੇ ਕਾਰਣਾਂ ਨੂੰ ਹੋਰ ਡੂੰਘਾਈ ਨਾਲ ਖੋਜਣਾ ਜਾਰੀ ਰੱਖਿਆ ਤਾਂ ਭਵਿੱਖ ਵਿੱਚ ਸਾਨੂੰ ਉਨ੍ਹਾਂ ਤੋਂ ਕੁਝ ਚਿਰੰਜੀਵੀ ਰਚਨਾਵਾਂ ਦੀ ਆਸ ਹੋ ਸਕਦੀ ਹੈ।

ਪੀ. ਐੱਚ-ਡੀ. ਕਰ ਰਹੇ ਨਵਤੇਜ ਭਾਰਤੀ ਕੁਝ ਸਾਲ ਪਹਿਲਾਂ 'ਸਿੰਬਲ ਦੇ ਫੁੱਲ' ਲਿਖਕੇ ਚੁੱਪ ਹਨ ਤੇ 'ਫ਼ਲਸਫ਼ੇ ਦੀ ਗੁਲਾਮੀ ਵਿੱਚ ਫਸਣ' ਦਾ ਇਕਬਾਲ ਕਰਦੇ ਹਨ। ਉਨ੍ਹਾਂ ਦੇ ਹੁਣ ਦੇ ਮਾਰਕਸਵਾਦੀ ਦ੍ਰਿਸ਼ਟੀਕੋਣ ਦੇ ਉਲਟ, ਪਹਿਲੀਆਂ ਰਚਨਾਵਾਂ ਵਿੱਚ ਨਿੱਜੀ-ਪੀੜਾ ਤੇ ਸੂਫ਼ੀ ਰੰਗ ਦੀ ਝਲਕ ਵਧੇਰੇ ਹੈ।

ਗੁਰਮੇਲ ਸਿੰਘ ਗਾਹੀ ਯੂਨੀਵਰਸਿਟੀ ਦਾ ਡਾਕਟਰ ਘੱਟ; ਬਾਕਾਂ ਕਵੀ ਤੇ ਗੀਤਕਾਰ ਵਧੇਰੇ ਹੈ। 'ਸਾਹਿੱਤ-ਸਮਾਚਾਰ' ਲੁਧਿਆਣਾ ਦੇ ਸੰਪਾਦਕ ਦੀ ਹੈਸੀਅਤ ਵਿੱਚ ਕਿਨੀ ਲਗਨ ਨਾਲ ਕਮਾਇਆ ਅਧਿਅਨ ਉਨ੍ਹਾਂ ਦੀ ਕਵਿਤਾ 'ਚ ਪਰਤੱਖ ਹੁੰਦਾ ਹੈ। 'ਬੂਧਿਕਾ'(66) ਤੋਂ ਬਾਅਦ, ਕੁਝ ਚਿਰ ਚੁੱਪ ਰਹਿਕੇ ਉਹ ਨਵੇਂ ਗੀਤ ਤੇ ਕਵਿਤਾਵਾਂ 'ਭਟਕਣ' ਵਿੱਚ ਪ੍ਰਕਾਸ਼ਤ ਕਰ ਰਹੇ ਹਨ।

ਗਿੱਲ ਮੋਰਾਂਵਾਲੀ ਨੇ ਗੀਤ, ਗ਼ਜ਼ਲਾਂ ਤੇ ਕਵਿਤਾਵਾਂ ਦੇ ਨਿੱਕੇ-ਵੱਡੇ ਛੇ ਸੰਗ੍ਰਹਿ ਲਿਖੇ ਹਨ ਤੇ ਨਵੀਆਂ ਰਚਨਾਵਾਂ 'ਸੁੱਕਾ ਅੰਬਰ, ਬੰਜਰ ਧਰਤੀ' ਵਿੱਚ ਪੇਸ਼ ਕਰਨ ਦੇ ਯਤਨਾਂ ਵਿੱਚ ਹਨ। ਇਸਦੇ ਪਿੱਛੇ ਅਜਿਹੇ ਕਾਰਣਾਂ ਨਾਲ ਜੋੜਕੇ ਅਗਾਂਹਵਧੂ ਵਿਚਾਰਧਾਰਾ ਦਾ ਸਮਰਥਨ ਕਰਦੀਆਂ ਉਨ੍ਹਾਂ ਦੀਆਂ ਕੁਝ ਕੁ ਨਵੀਆਂ ਰਚਨਾਵਾਂ ਪਾਠਕਾਂ ਦਾ ਧਿਆਨ ਖਿਚਦੀਆਂ ਹਨ।

ਗੁਰਦਿਆਲ ਸਿੰਘ ਕੰਵਲ ਨੇ ਭਾਰਤ ਵਿੱਚ ਸਕੂਲ ਦੇ ਵਿਦਿਆਰਥੀ-ਜੀਵਨ ਸਮੇਂ, 1970 ਵਿੱਚ ਆਪਣੇ ਸੁਫ਼ਨਿਆਂ ਨੂੰ ਬਹੁਤ ਨਿੱਕੀ ਉਮਰ ਵਿੱਚ 'ਸੱਜਰੇ ਸੁਫ਼ਨੇ' ਕਾਵਿ ਸੰਗ੍ਰਹਿ ਵਿੱਚ ਇਕੱਤਰਿਤ ਕਰ ਲਿਆ। ਕੈਨੇਡਾ ਵਿੱਚ; ਕਵੀ ਹੋਣ ਨਾਲੋਂ ਉਹ ਏਥੇ 1972 ਵਿੱਚ ਸ਼ੁਰੂ ਹੋਏ ਪੰਜਾਬੀ ਦੇ ਪਹਿਲੇ ਮਾਸਕ-ਪੱਤਰ 'ਨਵੀਂ ਧਰਤੀ' ਦਾ ਸੰਪਾਦਕ ਹੋਣ ਦੇ ਨਾਤੇ; ਉਹ ਵਧੇਰੇ ਜਾਣਿਆ ਜਾਂਦਾ ਹੈ। ਉਸਨੇ ਨਾਵਲ ਤੇ ਕਹਾਣੀ ਤੇ ਵੀ ਹੱਥ ਅਜ਼ਮਾਇਆ ਹੈ।

(ਸੰਪਾਦਕ)

## ੧. ਸੰਗਲ਼

(ਗੁਰਚਰਨ ਰਾਮਪੁਰੀ)

ਮੈਂ ਰਸਮਾਂ ਦੇ ਗਾਡੀ-ਰਾਹ ਦਾ ਪਾਂਧੀ ਹਾਂ,
ਇਹ ਕੀ ਹੈ? ਇਹ ਕਿਉਂ ਹੈ? ਪੁੱਛਣ
ਪਤਾ ਕਰਨ ਦੀ ਬਾਣ ਮਿਰੀ ਮਿੱਟੀ 'ਚੋਂ ਗ਼ਾਇਬ।

ਵਿਆਹ, ਮਰਨੇ, ਰੋਜ਼ੇ, ਮੁਸਕਾਣਾਂ,
ਰੋਣ, ਖਾਣ, ਕ੍ਰਾਂਤੀ ਦੀਆਂ ਗੱਲਾਂ,
ਨਸਲ ਤੋਰਨਾ ਵੀ ਇਕ ਰਸਮ ਬਣੀ ਹੈ।

ਲੋੜ ਦੁਰੇਡੇ ਕੱਲ੍ਹ ਦੀ
ਅੱਜ ਦੇ ਨਰਕ ਦਾ ਕਾਰਨ ਬਣ ਬੈਠੀ ਹੈ
ਰਸਮਾਂ ਦਾ ਸਿਰਜਕ, ਫਿਰ ਕੈਦੀ
ਮੈਂ ਆਪਣੇ ਸੰਗਲ਼ ਸੰਭਾਲੀਂ ਘੁੰਮ ਰਿਹਾ ਹਾਂ।

## ੨. ਗੂੰਗੇ ਅੱਖਰ

(ਨਵਤੇਜ ਭਾਰਤੀ)

ਦੂਰ ਪਰਦੇਸੀਂ ਮੇਰਾ ਜਿੰਦੂ ਵੇ ਸੁਣੀਂਦਾ,
ਦੂਰ ਪਰਦੇਸੀਂ ਮੇਰੀ ਜਾਨ।
ਅੱਖਰ ਨਿਮਾਣੇ ਕਿਹਾ ਦੁੱਖ ਸੁੱਖ ਫੋਲਦੇ,
ਅੱਖਰਾਂ ਦੀ ਗੂੰਗੀ ਵੇ ਜ਼ੁਬਾਨ।

ਨਾ ਤਾਂ ਮੈਂ ਚਾਹੀਆ ਤੈਨੂੰ ਦੁੱਖ ਸੁੱਖ ਭੇਜਣਾ,
ਨਾ ਸੁੱਖ ਸਾਂਦ ਦਾ ਧਿਆਨ।
ਮੈਂ ਤਾਂ ਤੈਨੂੰ ਭੇਜਣਾ ਸੀ ਸੁੱਚਾ ਸੁੱਚਾ ਅੱਥਰੂ,
ਨੈਣਾਂ ਵਿੱਚ ਲਟਕੇ ਜੋ ਆਣ।
ਮੈਂ ਤਾਂ ਤੈਨੂੰ ਭੇਜਣੀ ਜੋ ਕਦੇ ਕਦੇ ਟਹਿਕਦੀ,
ਸੁੱਤੇ ਸੁੱਤੇ ਹੋਠੀਂ ਮੁਸਕਾਨ।
ਕੀਹਦੇ ਹੱਥ ਭੇਜਾਂ ਇਹ ਮਲੂਕ ਜਿੰਦਾਂ ਜਾਨੀਆਂ,
ਪਲ ਵਿੱਚ ਹੋਣ ਜੋ ਵੈਰਾਨ।
ਅੱਖਰ ਨਿਮਾਣੇ ਕਿਹਾ ਦੁੱਖ ਸੁੱਖ ਫੋਲਦੇ
ਅੱਖਰਾਂ ਦੀ ਗੂੰਗੀ ਵੇ ਜ਼ੁਬਾਨ।

## ੩. ਗੀਤ

(ਗੁਰਮੇਲ ਸਿੰਘ ਰਾਹੀ)

ਕਿੱਥੇ ਛੁੱਪ ਗਿਉਂ ਦੱਸੀਂ ਮੁੱਖੜਾ ਵਿਖਾਲ ਕੇ।
ਲੱਭਦੀ ਫਿਰਾਂ ਵੇ ਦੀਵਾ ਜਿੰਦੜੀ ਦਾ ਬਾਲ ਕੇ।

ਅੱਖੀਆਂ 'ਚ ਪਾ ਕੇ ਤੇਰੇ ਦੀਦ ਦੀ ਸਿਲਾਈ ਵੇ।
ਧਰਤੀ ਦੇ ਕੋਨੇ ਕੋਨੇ ਨੀਝ ਮੈਂ ਵਿਛਾਈ ਵੇ।
ਹਾਰ ਹੁੱਟ ਗਈਆਂ ਤੇਰੇ ਖੁਰੇ ਭਾਲ ਭਾਲ ਕੇ।
ਲੱਭਦੀ ਫਿਰਾਂ ਵੇ ਦੀਵਾ ਜਿੰਦੜੀ ਦਾ ਬਾਲ ਕੇ।

ਚੁੱਭਦੀ ਜੁਦਾਈ ਪੈਂਦੇ ਕਾਲਜੇ 'ਚ ਸੱਲ ਵੇ।
ਲਿਖ ਕੇ ਸੁਨੇਹਾਂ ਕੋਈ ਪੌਣ ਅੱਖੀਂ ਘੱਲ ਵੇ।
ਸੇਕਦੀਆਂ ਧੂਣੀ ਜਿਉਂ ਸੱਧਰਾਂ ਨੂੰ ਜਾਲ ਕੇ।
ਲੱਭਦੀ ਫਿਰਾਂ ਵੇ ਦੀਵਾ ਜਿੰਦੜੀ ਦਾ ਬਾਲ ਕੇ।

ਤਾਰਿਆਂ ਦੀ ਛਾਵੇਂ ਛਾਵੇਂ ਆਉਣ ਦਾ ਕਰਾਰ ਸੀ।
ਪਤਾ ਨਹੀਂ ਸੀ ਤੇਰੀ ਤਾਂ ਝੂਠਾ ਤੇਰਾ ਪਿਆਰ ਸੀ।
ਕਰ ਲਈਆਂ ਰੋਗੀ ਅਸਾਂ ਅੱਖੀਆਂ ਹੰਗਾਲ ਕੇ।
ਲੱਭਦੀ ਫਿਰਾਂ ਵੇ ਦੀਵਾ ਜਿੰਦੜੀ ਦਾ ਬਾਲ ਕੇ।


ਹਰ ਕਿਸਮ ਦੇ ਬੀਮੇ-ਸੰਬੰਧੀ
ਤੁਹਾਡੇ ਸੁਘੜ-ਸਹਾਇਕ

**ਗਿੱਲ ਇਨਸ਼ੋਅਰੈਂਸ
ਸਰਵਿਸਜ਼ ਕੰਪਨੀ ਲਿਮਿਟਡ**

(ਸੁਰਜੀਤ ਗਿੱਲ)

AUTO - FIRE - LIFE

TEL. NO.
BUS. 879-5522
RES. 874-6656


## ੪. ਲਾਰਿਆਂ ਦੀ ਪੂਣੀ

(ਗਿੱਲ ਮੋਰਾਂਵਾਲੀ)

ਤੇਰੀ ਯਾਦ ਮੈਂ ਸੰਭਾਲੀ
ਤੇਰੇ ਪਿਆਰ ਦੀ ਨਿਸ਼ਾਨੀ।
ਏਦਾਂ ਬੀਤ ਜਾਵੀ ਸੌਖੀ
ਮੇਰੀ ਬਾਕੀ ਜ਼ਿੰਦਗਾਨੀ।

ਤੇਰੇ ਲਾਰਿਆਂ ਦੀ ਪੂਣੀ
ਵੇ ਮੈਂ ਸੋਚ ਸੋਚ ਹਾਰੀ-
ਤੇਰੇ ਪਿਆਰ ਵਿੱਚ ਚੰਨਾਂ
ਵਾਰੀ ਆਪਣੀ ਜਵਾਨੀ।

ਵੇ ਮੈਂ ਜੱਗ ਦੀਆਂ ਗੱਲਾਂ
ਤੇਰੇ ਪਿੱਛੇ ਝੱਲ ਲਈਆਂ।
ਮੇਰੇ ਹੌਸਲੇ ਨੂੰ ਦੇਖ
ਤੈਨੂੰ ਹੋਈ ਨਾ ਹੈਰਾਨੀ।

ਦੇਖ ਪਿਆਰ 'ਚ ਉਠਾਏ
ਵੇ ਮੈਂ ਖਿੜੇ ਮੱਥੇ ਸਾਕੇ-
ਇਹ ਹੈ ਜ਼ਿੰਦਗੀ ਦੀ ਖੱਟੀ
ਤੇਰੀ ਹੋਈ ਮਿਹਰਬਾਨੀ।

ਜੋ ਵੀ ਤੇਰੇ ਕੋਲੋਂ ਲਿਆ
ਉਹ ਮੈਂ ਆਪਣੇ ਬਣਾਇਆ-
ਮੇਰੇ ਜ਼ਖ਼ਮਾਂ ਦੇ ਵਿੱਚ
ਹੈ ਨਹੀਂ ਪੀੜ ਵੀ ਬੇਗਾਨੀ।

## ੫. ਉੱਤਰ!

(ਗੁਰਦਿਆਲ ਸਿੰਘ ਕੰਵਲ)

ਉਫ਼ !!
ਇਹ ਕਿਸਦੀ ਲਾਸ਼ ?
ਅਚਾਨਕ ਮੇਰੇ ਮੂੰਹ ਦੇ ਵਿੱਚੋਂ,
ਬੋਲ ਉੱਠਿਆ
ਲਹੂ ਦੇ ਨਾਲ ਲੱਥ-ਪੱਥ ਹੋਈ
ਖ਼ੇਤ ਦੇ ਵਿੱਚ
ਵੱਢ ਕੇ ਸੁੱਟੀ ਹੋਈ
ਟੁੱਕੜੇ ਟੁੱਕੜੇ ਕੀਤੀ ਹੋਈ
ਇੱਕ ਟੁੱਕੜੇ ਨੂੰ ਇੱਕ ਕੁੱਤਾ ਚੂੰਡੀ ਜਾਵੇ।

ਉਫ਼ !!
ਇਹ ਕਿਸਦੀ ਲਾਸ਼ ?
ਅਚਾਨਕ ਮੇਰੇ ਮੂੰਹ ਦੇ ਵਿੱਚੋਂ
ਬੋਲ ਉੱਠਿਆ।
ਹਾਏ!
ਇਸ ਤੇ ਪੈਰ ਵੀ ਨਹੀਂ ਹਨ।
ਇਸ ਦੀ ਛਾਤੀ ਦੇ ਵਿੱਚ
ਇਕ ਜ਼ਖ਼ਮ ਹੈ ਗਹਿਰਾ।
ਇਸ ਨੂੰ ਕਿਸੇ ਜ਼ਾਲਮ ਪੁਰਸ਼ ਨੇ ਮਾਰਿਆ।
ਇਹ ਕਿਸਦੀ ਲਾਸ਼ ਹੋਵੇਗੀ।

"ਚੱਲੋ ਸਾਨੂੰ ਕੀ ??"
ਇਹ ਕਿਸੇ ਦਾ ਉੱਤਰ ਸੀ।

## ਕੈਨੇਡਾ ਦੇ ਕਵੀਆਂ ਦੇ ਕਾਵਿ-ਸੰਗ੍ਰਹਿ

ਗੁਰਚਰਨ ਰਾਮਪੁਰੀ : ਕਣਕਾਂ ਦੀ ਖੁਸ਼ਬੋ, ਕੌਲ ਕਰਾਰ, ਕਿਰਨਾਂ ਦਾ ਆਲ੍ਹਣਾ, ਅੰਨ੍ਹੀ ਗਲ਼ੀ
ਨਵਤੇਜ ਭਾਰਤੀ : ਸਿੰਬਲ ਦੇ ਫੁੱਲ
ਗੁਰਮੇਲ ਸਿੰਘ ਰਾਹੀ : ਦੁਬਿਧਾ, ਭਟਕਣ (ਛਪ ਰਹੀ)
ਗਿੱਲ ਮੋਰਾਂਵਾਲੀ : ਹੰਝੂ ਹੌਕੇ, ਜਾਗ ਪਏ ਹਿੰਦ ਦੇ ਜਵਾਨ, ਮੈਖ਼ਾਨਾ, ਲਲਕਾਰ, ਗੀਤ-ਮਈ ਆਰ ਝਨਾਂ ਪਾਰ ਝਨਾਂ, ਸੂਹਾ ਅੱਖਰ ਬੰਜਰ ਧਰਤੀ (ਛਪ ਰਹੀ)
ਗੁਰਦਿਆਲ ਸਿੰਘ ਕੰਵਲ: ਸੱਜਰੇ ਸੁਫ਼ਨੇ, ਮੀਲ ਪੱਥਰ (ਛਪ ਰਹੀ)

## ਸਾਲ ਮੁਬਾਰਕ

('ਸੂਫ਼ੀ' ਅਮਰਜੀਤ 'ਵੱਸੀਆਂ')
-ਵੈਨਕੋਵਰ, ਬੀ.ਸੀ.-

ਨਵੇਂ ਸਾਲ ਦੇ ਲਈ ਮੁਬਾਰਕ
ਵੇਖੋ ਦੇਖੀ
ਰਸਮੋ-ਰਸਮੀ
ਕਹਿ ਦੇਂਦਾ ਹਾਂ
ਮੰਨ ਲੈਂਦਾ ਹਾਂ
ਐਪਰ ਸਾਨੂੰ
ਕੋਈ ਸਾਲ ਵੀ
ਕਦੇ ਮੁਬਾਰਕ ਹੋਇਆ ਹੀ ਨਹੀਂ।

ਛੱਬੀ ਸਾਲ ਦੀ ਪਹਿਲਾਂ ਲੋਕਾਂ
ਆਖਿਆ ਸੀ ਕਿ
ਸਾਲ ਮੁਬਾਰਕ
ਓਦੋਂ ਦੀ ਸਭ ਸਾਥੀ ਮੇਰੇ
ਵਾਰ ਵਾਰ ਕਹਿੰਦੇ ਸਨ ਲੋਕੋ
ਇਹ ਨਹੀਂ ਸਾਨੂੰ ਸਾਲ ਮੁਬਾਰਕ
ਐਪਰ ਛੱਬੀ ਸਾਲਾਂ ਤੋਂ ਹੀ
ਕੁਝ ਲੋਕਾਂ ਨੂੰ ਸਾਲ ਮੁਬਾਰਕ
ਹਰ ਵਾਰੀ ਹੀ ਹੋ ਜਾਂਦਾ ਹੈ।

ਛੱਬੀ ਵਰ੍ਹਿਆਂ ਤੋਂ ਹੀ ਸਾਨੂੰ
ਹੁੰਦੀ ਆਈ ਭੁੱਖ ਮੁਬਾਰਕ
ਹੁੰਦਾ ਆਇਆ ਦੁੱਖ ਮੁਬਾਰਕ
ਮਿਹਨਤ ਸਾਡੀ ਦੇ ਫਲ-ਫ਼ਸਲ
ਦੀ ਹੋਈ ਹਰ ਲੁੱਟ ਮੁਬਾਰਕ
ਜਿਨ੍ਹਾਂ ਦੀ ਰੱਤ ਪੀ ਜੀਂਦੇ ਨੇ
ਉਨ੍ਹਾਂ ਉਹ ਮਨੁੱਖ ਮੁਬਾਰਕ

ਸਾਲ ਮੁਬਾਰਕ ਆਪ ਨਹੀਂ ਹੋਣਾ
ਸਾਲ ਮੁਬਾਰਕ ਕਰਨਾ ਪੈਣਾ
ਸਾਲ ਮੁਬਾਰਕ ਕਰਨ ਵਾਸਤੇ
ਦੁਖ ਘਣਾ ਸਿਰ ਸਹਿਣਾ ਪੈਣਾ
ਦੁਖ ਘਣਾ ਪਰ ਜਰਨਾ ਪੈਣਾ
ਸੈ ਉਦਾਸੀਆਂ, ਝਲਦਿਆਂ ਤੋਂ
ਲਹਿਣਾ ਪੈਣਾ, ਚੜ੍ਹਨਾ ਪੈਣਾ
ਰੱਤ ਨਦੀ ਨੂੰ ਤਰਨਾ ਪੈਣਾ

ਏਸ ਤਰ੍ਹਾਂ ਫਿਰ ਜਦ ਵੀ ਸਾਡਾ
ਸਾਲ ਮੁਬਾਰਕ
ਜਿਸ ਦਿਨ ਹੋਇਆ
ਉਸ ਦਿਨ ਸਾਡੇ ਕਿਰਤ-ਦੁਸ਼ਮਣਾਂ
ਦਾ ਨਹੀਂ ਸਾਲ ਮੁਬਾਰਕ ਰਹਿਣਾ
ਫੇਰ ਉਨ੍ਹਾਂ ਵੀ
ਸਾਡੇ ਵਾਂਗੂੰ
ਰਸਮੋ-ਰਸਮੀ
ਵੇਖੋ ਵੇਖੀ
ਸਾਲ ਮੁਬਾਰਕ ਮੰਨਣਾ ਪੈਣਾ
ਸਾਲ ਮੁਬਾਰਕ ਕਹਿਣਾ ਪੈਣਾ।

## ਲੀਡਰ

(ਉੱਜਲ ਦੁਸਾਂਝ)
-ਵੈਨਕੋਵਰ, ਬੀ.ਸੀ.-

ਨਫ਼ਰਤ ਹੈ
ਮਜ਼ਦੂਰੀ ਤੋਂ
ਮਰ ਮਿਟਦਾ ਹਾਂ
ਗੱਦੀ ਲਈ
ਜ਼ਾਲਮ ਤਾਕਤ ਸਰਮਾਏ ਦੀ
ਨੂੰ ਕਰਦਾ ਹਾਂ ਰੋਜ਼ ਸਲਾਮ!

ਮਜ਼ਦੂਰਾਂ ਤੇ ਕਿਰਸਾਨਾਂ ਨੂੰ
ਹੱਕ ਉਨ੍ਹਾਂ ਦਾ ਮਿਲ ਜਾਵੇ ਤਾਂ-
ਹੋ ਜਾਵੇ ਮੇਰੀ ਨੀਂਦ ਹਰਾਮ!!

ਮੈਂ 'ਲੀਡਰ' ਹਾਂ!!!

## ਵੱਡੇ-ਵਡੇਰੇ

(ਸਾਧੂ)
-ਬਰਨੇਬੀ, ਬੀ.ਸੀ.-

ਫਿਰ ਉਹੀ
ਸਦੀਆਂ ਪੁਰਾਣੀਆਂ
ਘਸੀਆਂ ਪਿਟੀਆਂ
ਭੂਤਾਂ ਪਰੇਤਾਂ
ਰਾਜੇ ਰਾਣੀਆਂ
ਗੋਰੇ ਸਾਹਿਬ ਤੇ ਮੇਮਾਂ ਦੀਆਂ ਗੱਲਾਂ
ਹਰ ਸਮਾਜਕ ਮਿਲਣੀ ਤੇ, ਰੇਡੀ ਤੇ
ਹੱਕ ਘਰ ਜਾਂ
ਖ਼ਿਆਲੀ ਹੱਕ ਅੱਗੇ ਬੈਠ
ਇਹ ਵੱਡੇ-ਵਡੇਰੇ
ਸਦਾ ਕਰਦੇ ਰਹਿੰਦੇ ਨੇ
ਗ਼ੁਲਾਮ-ਜ਼ਬਾਨ ਵਿੱਚ
ਸ਼ਰਮਨਾਕ ਗੱਲਾਂ
ਤੇ ਕਰਦੇ ਨੇ ਮਜ਼ਬੂਰ ਸੁਣਨ ਲਈ
ਹਰ ਕੋਸ਼ਿਸ਼ ਕਰਦੇ ਨੇ ਇਹ
ਨਵੇਂ ਜ਼ਮਾਨੇ ਦੇ ਕੰਨਾਂ ਵਿੱਚ
ਗੀਦੜੀ ਹੌਸਲੇ ਦੀ

ਜੇ ਕੋਈ ਇਨ੍ਹਾਂ ਨੂੰ ਦੱਸਣਾ ਚਾਹੇ
ਅੱਜ ਦੇ ਜ਼ਮਾਨੇ ਬਾਰੇ, ਸੱਚ ਬਾਰੇ
ਉਹਨੂੰ ਸਨਮਾਨਦੇ ਇਹ ਕਹਿ ਕੇ:
"ਇਹ ਨਾਸਤਕ, ਪਾਗਲ
ਕਾਤਲ, ਬਾਗੀ, ਆਵਾਰਾ ਛੋਕਰੇ
ਸਾਡੇ ਧੌਲਿਆਂ-ਦਾੜ੍ਹਿਆਂ ਨੂੰ
ਸ਼ੱਕੀ ਨਜ਼ਰਾਂ ਨਾਲ ਦੇਖਣ
ਮਾਰੋ, ਭਜਾਓ ਇਨ੍ਹਾਂ ਨੂੰ,
ਤੋੜੋ ਸੀਖਾਂ ਅੰਦਰ
ਇਹ ਜ਼ਾਲਮ-
ਸਾਡੇ ਪਵਿੱਤਰ-ਗ਼ੁਲਾਮ ਖ਼ਿਆਲਾਂ ਨੂੰ
ਸਾਡੇ ਮਰਨ ਤੋਂ ਪਹਿਲਾਂ
ਮਾਰਨਾ ਚਾਹੁੰਦੇ!"

## ਕਿਸੇ ਅਣਮਿਥੀ ਮੰਜ਼ਲ ਦੇ ਰਾਹੀ

(ਬਖ਼ਸ਼ੀਸ਼ ਸਿੰਘ ਢਿੱਲੋਂ)
-ਸਰੀ, ਬੀ.ਸੀ.-

ਵਤਨ ਤੇਰੇ ਫੁੱਟ-ਪਾਥਾਂ ਉੱਤੇ
ਨੰਗੇ-ਜਿਸਮੀਂ, ਭੁੱਖੇ-ਪੇਟੀਂ
ਜੀਵਨ ਦਾ ਘੁੱਟ ਭਰਕੇ ਲੇਟੇ
ਜੀਵਨ ਦੇ ਲੱਖ ਰਾਹੀ।

ਲੱਖ ਸੋਚੀਂ ਡੁੱਬੇ ਫਿਰਦੇ ਨੇ
ਕਿਸੇ ਦਰਦ ਅਗਨ ਦੇ ਘੇਰੇ ਨੇ
ਕਿਸੇ ਖ਼ੁਸ਼ੀ ਨਿੱਕੀ ਤੇ ਹਸਦੇ ਨੇ
ਕਿਸੇ ਗ਼ਮ ਨਿੱਕੇ ਤੇ ਰੋਂਦੇ ਨੇ

ਹਸਰਤ ਭਰੀ ਨਿਗਾਹਾਂ ਥੀਂ
ਤੱਕ ਲੈਂਦੇ ਮਹਿਲ-ਮੁਨਾਰੇ ਨੇ
ਨੀਹਾਂ ਦੇ ਵਿੱਚ ਖ਼ੂਨ ਜਿਨ੍ਹਾਂ ਦਾ
ਜਿਸਮਾਂ ਮਹਿਲ ਉਸਾਰੇ ਨੇ।

ਨਿਰਜਿੰਦ ਜਿਹੇ ਇਹ ਜਿਸਮ ਨਿਮਾਣੇ
ਸਹਿਮ ਸਹਿਮ ਮਰ ਜਾਂਦੇ ਨੇ
ਜ਼ੋਰੋਂ ਕਰੇ ਪਰਵਾਜ਼ ਦਾ ਸਾਇਆ
ਕੋਲੋਂ ਦੀ ਲੰਘ ਜਾਂਦਾ ਏ।

## ਜ਼ਿੰਦਗੀ

ਬਹਾਦਰ ਸਿੰਘ ਐੱਮ.ਐੱਸ.ਸੀ. (ਗੋਲਡ ਮੈਡਲਿਸਟ)
- ਬਰਨੇਬੀ, ਬੀ.ਸੀ.-

ਜ਼ਿੰਦਗੀ ਵਕਤ ਦਾ ਪਰਛਾਵਾਂ ਏ
ਪਰਛਾਵਾਂ -
ਕਦੀ ਪਛਤਾਵਾ
ਤੇ ਕਦੀ ਲਗਨ
ਬਣਦਾ ਹੈ ਮੇਰੇ ਮਨ ਦਾ।
ਭਾਵੇਂ ਢੱਲਣ ਲਈ
ਮਜਬੂਰ ਕਰਦਾ ਹੈ
ਫਿਰ ਢੱਲਣ ਤੇ
ਪਾਬੰਦੀ ਦਾ ਸ਼ਿਕਾਰ ਬਣਦਾ ਹੈ।
ਇਸੇ ਹੀ ਭਵ-ਸਾਗਰ ਦੇ ਕਿਨਾਰੇ
ਜ਼ਿੰਦਗੀ ਦੇ ਪਰਛਾਵੇਂ ਬਣਦੇ ਮਿਟਦੇ ਸਨ।
ਤੇ ਜ਼ਿੰਦਗੀ ਦੀ ਇਸ ਤੋਰ ਨੇ
ਖੋਹ ਲਿਆ ਮੇਰੇ ਕੋਲੋਂ ਮੈਨੂੰ!
ਖੋਹ ਲਿਆ ਮੇਰੇ ਕੋਲੋਂ ਮੈਨੂੰ!!

ਮੈਂ ਇਸੇ ਤੋਰ ਨੂੰ ਲੈਕੇ
ਕਦੀ ਚੜ੍ਹਿੰਦਾ ਹਾਂ -
ਕਦੀ ਘਟਿੰਦਾ ਹਾਂ
ਪਰ ਕਿਨਾਰਾ ਪਰਛਾਵੇਂ ਦਾ
ਜ਼ਿੰਦਗੀ ਨਹੀਂ ਹੁੰਦਾ
ਨਾ ਹੀ ਜ਼ਿੰਦਗੀ
ਪਰਛਾਵੇਂ ਵਿੱਚ ਢਲਦੀ ਹੈ।

## ਸੁੰਦਰਤਾ

(ਕਰਮ ਸਿੰਘ)
- ਵੈਨਕੋਵਰ, ਬੀ.ਸੀ.-

ਗੀਤ ਹੁਸਨ ਦੇ ਗਾਏ ਲੋਕਾਂ
ਆਦਿ ਤੋਂ ਲੈਕੇ ਅੱਜ ਤੀਕਣ
ਤਸਵੀਰ ਹੁਸਨ ਦੀ ਬਦਲਦੀ ਰਹਿੰਦੀ
ਬਦਲੇ ਜਿਉਂ ਜ਼ਮਾਨਾ।

ਹੱਸਿਆ ਕੋਈ ਬਹਾਰਾਂ ਰੁੱਤੇ
ਰੋਇਆ ਕੋਈ ਖ਼ਿਜ਼ਾਵਾਂ ਅੰਦਰ
ਅੰਗ ਅੰਗ ਦੀਆਂ ਦੇਹ ਮਿਸਾਲਾਂ
ਗੀਤਾਂ ਦੇ ਕਈ ਹਾਰ ਪਰੋਏ।

ਪਰ ਪਿਆਰ ਦੇ ਕਈ ਖੋਜੀਆਂ
ਡੂੰਘੀਆਂ ਖੋਜਾਂ ਕਰਕੇ
ਇਹ ਵਿਚਾਰ ਦਰਸਾਈ:
'ਨਹੀਂ ਕਦੀ ਵੀ ਇਸ਼ਕ ਪਛਾਤੇ
ਰੰਗ, ਮਜ਼ਹਬ ਤੇ ਨਸਲਾਂ
ਪਿਆਰ ਤੇ ਸਾਂਝ ਖ਼ਿਆਲਾਂ ਦੀ
ਹੈ ਰੰਗ ਭਰਦੀ
ਤਸਵੀਰਾਂ ਅੰਦਰ।
ਸੁੰਦਰ ਵਿਚਾਰ, ਸੁੰਦਰਤਾ ਅਸਲੀ
ਰੂਪ ਹੈ ਇੱਕ ਛਲਾਵਾ
ਕੁਦਰਤ ਦਿੱਤਾ
ਛਿਨ ਵਿੱਚ ਲੈ ਜਾਵੇ -
ਇਹਦਾ ਕੀ ਭਰੋਸਾ!

## ਨੈਣ ਮੇਰੇ ਤ੍ਰਿਹਾਏ

(ਪ੍ਰੋ: ਜਰਨੈਲ ਸਿੰਘ)
- ਵੈਨਕੋਵਰ, ਬੀ.ਸੀ.-

ਰੁੱਤ ਸਾਵਣ ਦੀ
ਨੀਰ ਚੁਫੇਰੇ,
ਨੈਣ ਮੇਰੇ ਤ੍ਰਿਹਾਏ
ਕਿਹੜਾ ਉਸਨੂੰ ਜਾ ਸੁਣਾਏ।

ਤਪਸ਼ ਇਸ਼ਕ ਦੀ
ਆਪ ਸਾੜੇ
ਅੰਦਰ ਲੰਬੂ ਲਾਏ
ਕਿਹੜਾ ਉਸਨੂੰ ਜਾ ਸੁਣਾਏ।

ਕਿਹੜੀ ਕੋਈ ਅੱਜ ਸੁਹਣੀ ਹੋਵੇ
ਚੀਰ ਝਨਾਂ ਨੂੰ ਆਏ
ਇਸ਼ਕ ਕਮਾਏ,
ਪਿਛਾਂ ਨਾ ਜਾਏ।

ਕਿਹੜਾ ਕੋਈ ਅੱਜ ਰਾਂਝਾ ਹੋਵੇ
ਕੰਨ ਪੜਵਾਏ
ਮੁੰਦਰਾਂ ਪਾਏ
ਦਰ ਤੇ ਜਾ ਕੇ ਅਲਖ ਜਗਾਏ

ਸੱਜਣੀ!
ਇਹ ਨਹੀਂ ਸਮਾਂ ਪਿਆਰ ਦਾ ਹਾਣੀ
ਅੱਜ ਦੀ ਹੀਰ ਦੀ ਗ਼ਮ-ਕਹਾਣੀ
ਸੁਣਦੀ ਜਾਵੇਂ ਉਹਦੀ ਜ਼ੁਬਾਨੀ:
"ਵਿੱਚ ਹਿਜਰ ਅਸੀਂ ਵੈਣ ਜੋ ਪਾਏ
ਜੀਵਨ ਦੇ ਹੱਸ ਪਲ ਗਵਾਏ!
ਜੀਵਨ ਦੇ ਹੱਸ ਪਲ ਗਵਾਏ!!

ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਸਫ਼ਰ ਦਾ ਆਨੰਦ ਮਾਨਣ ਲਈ; ਪਾਸਪੋਰਟ
ਸਹੂਲਤਾਂ, ਵੀਜ਼ਾ ਤੇ ਇੰਮੀਗ੍ਰੇਸ਼ਨ ਫ਼ਾਰਮ ਲੈਣ ਲਈ ਲਿਖੋ, ਮਿਲੋ, ਫ਼ੋਨ ਕਰੋ:

# ਦਰਸ਼ਨ ਸਿੰਘ ਮਾਨ

ਟੈਲੀਫ਼ੋਨ:
(604) 324-4401
ਟੈਲੈਕਸ :
04 - 55371

**Telephone (604) 324-4401**

**Telex 04-55371**



# COME FLY WITH

# DARSHAN SINGH MANN

**8159 Main Street**
**Vancouver 15**

ALSO OFFICES IN: JULLUNDUR, LUDHIANA, HONG KONG, LONDON.

# ਬਰੱਦਰਜ਼ ਅਪਲਾਐਂਸ ਸਰਵਿਸ

# BROTHERS

**APPLIANCE SERVICE**

CALL **JARNAIL**

PHONE 24 HOURS
**254-0288**

ALL MAKES AND MODELS
All service work Fully Guaranteed

**Electric Repair Service**

WASHERS – DRYERS – RANGES – FRIG.
DISHWASHERS – ELECTRONIC OVENS
HOT WATER TANKS ETC.

**For Fast Economical Service . . . Call Us Today!**

*We are as near as your phone!*

ਹਰ ਪ੍ਰਕਾਰ ਦੀ ਜਾਇਦਾਦ RESIDENTIAL, COMMERCIAL, REVENUE
ਖ਼ਰੀਦਣ ਜਾਂ ਵੇਚਣ ਸਮੇਂ ਤਜਰਬੇਕਾਰ ਅਗਵਾਈ ਲਈ

## ਗੁਰਦਰਸ਼ਨ (ਗੈਰੀ) ਬਰਾੜ ਨੂੰ ਮਿਲੋ!

ਫ਼ੋਨ: 433-3334(R) BUS. 872-7608

H. L. Waddell & Associates Ltd., Realtors
Vancouver Branch
4227 Fraser Street
(604) 872-7608

WA

G. S. (Gary) Brar, M.A.

## ਲਾਸ਼

(ਜਗਦੀਸ਼ ਸਿੰਘ ਸਰਨ)
-ਵੈਨਕੋਵਰ, ਬੀ.ਸੀ.-

ਕਿਵੇਂ ਪੁਚਾਵਾਂ ਮੈਂ ਸਮਸ਼ਾਨੀਂ
ਦਿਲ ਆਪਣੇ ਦੀ ਲਾਸ਼?
ਨਾ ਕੋਈ ਅਰਥੀ, ਨਾ ਕੋਈ ਖੱਫ਼ਣ
ਕਫ਼ਣ ਲਈ ਹੈ ਪਾਸ।

ਨਾ ਕੋਈ ਹਮਦਰਦੀ
ਜਿਹੜਾ ਦਿਲ ਦੇ ਦਰਦ ਵੰਡਾਏ।
ਨਾ ਕੋਈ ਹਮਰਾਹੀ
ਜਿਹੜਾ ਔਖੇ ਰਾਹ ਲੰਘਾਏ।

ਸ਼ੱਕਾਂ ਦੇ ਵਿੱਚ ਘਿਰੀ ਜਿੰਦ ਨੂੰ
ਦੁੱਖਾਂ ਦੀ ਭਰਮਾਰ।
ਉੱਤੋਂ ਕਾਤਿਲ, ਦਿਲ ਮੇਰੇ ਤੇ
ਕੀਤਾ ਕਾਤਿਲ ਵਾਰ।
ਭਰੀ ਨਜ਼ਰ, ਨਾ ਨਜ਼ਰ
ਨਜ਼ਰ 'ਚੋਂ ਚਾਨਣ ਵੇਖੇ
ਜਿਹਾ ਨਹੀਂ ਦਿਲ ਦਾ ਉਹ ਚਾਨਣ
ਕਰਦਾ ਸੀ ਜੋ ਦੂਰ ਹਨੇਰਾ।

ਲਾਹ ਦਿੰਦਾ ਜੋ ਕਾਲੇ ਪਰਦੇ
ਇਨ੍ਹਾਂ ਭਿਆਨਕ ਪਰਛਾਵਿਆਂ ਤੋਂ
ਧੁੱਪ ਹਨੇਰੇ ਰਾਹਵਾਂ ਉੱਤੇ
ਕੁਝ ਤਾਂ ਨਜ਼ਰੀਂ ਆਂਦਾ
ਦਿਲ ਆਪਣੇ ਦੀ ਮੜ੍ਹੀ ਬਣਾਕੇ
ਪੋਲੇ ਪੈਰ ਵਧਾਂਦਾ।

ਮੋਇਆ ਦਿਲ
ਉਤਸ਼ਾਹ ਵੀ ਮੋਇਆ
ਡੁੱਬਦੇ ਦਿਲ ਦਾ ਡੁੱਬਦਾ ਸੂਰਜ
ਲੈ ਡੁੱਬਾ ਸੋਚਾਂ ਦੀ ਡਾਰ

ਕੂੰਜਾਂ ਵਾਂਗ
ਕੁਰਲੀਆਂ ਸੋਚਾਂ
ਜਾ ਫਸੀਆਂ ਕਾਤਿਲ ਦੇ ਜਾਲ
ਇੱਕੋ ਇੱਕ ਸਹਾਰੇ ਜਿੰਦੇ ਗਈਆਂ
ਨਾ ਸਹਿ ਸਕੀਆਂ ਕਾਤਿਲ ਵਾਰ।

ਥੱਕ ਹਾਰ ਕੇ ਜਿੰਦੜੀ ਬੈਠੀ
ਉਠਦਾ ਇਹੀ ਸਵਾਲ:
ਕਿਵੇਂ ਪੁਚਾਵਾਂ ਮੈਂ ਸ਼ਮਸ਼ਾਨੀਂ
ਦਿਲ ਆਪਣੇ ਦੀ ਲਾਸ਼?
ਨਾ ਕੋਈ ਅਰਥੀ, ਨਾ ਕੋਈ ਖੱਫ਼ਣ
ਕਫ਼ਣ ਲਈ ਹੈ ਪਾਸ।

## ਜਿੰਦ ਤੜਪ

(ਪਰਮ ਸਿੰਘ)
-ਬਰਨੇਬੀ, ਬੀ.ਸੀ.-

ਰੂਹ ਦਿਲਾਂ ਦੀ ਰੁੱਤ ਕਿਉਂ ਬਦਲੀ?
ਜਿੰਦ ਕਿਸੇ ਤਲਾਸ਼ ਵਿੱਚ ਕਿਉਂ
ਚੀਰੀ ਰੋ ਰੋ ਹੌਕੇ ਲੈਂਦੀ।
ਖਬਰੇ ਇਸਦਾ ਕੀ ਖੋਇਆ ਹੈ?
ਖਬਰੇ ਇਸਨੂੰ ਕੀ ਹੋਇਆ ਹੈ?
ਕਈ ਵਾਰ ਵਿਗਿਆਨ ਮਨਾਂ ਤੋਂ
ਕਈ ਵਾਰ ਜੋਤਿਸ਼ ਦੇ ਆਸ਼ੂ
ਲੱਖ ਹਜ਼ਾਰਾਂ ਵਾਰ ਟੋਲੀਏ
ਤਪਦੀ ਜਿੰਦ ਦੀ ਛਾਤੀ ਉੱਤੇ
ਵਕਤੀ ਮਰ੍ਹਮ ਲਾਉਂਦੇ ਰਹੀਏ
ਤੇ ਕਈ ਵਾਰੀ ਅੱਗ ਦੇ ਛੂਹਲੇ
ਸੰਗਮਰਮਰੀ ਜਿਸਮਾਂ ਅੰਦਰ
ਹਵਸ-ਪਿਆਰ ਸਿਟਉਂਦੇ ਰਹੀਏ।
ਮੁੜ ਮੁੜ ਪਰ ਇਹ ਕਿਸ ਨੂੰ ਲੋਚੇ?
ਕੀ ਹੋਇਆ ਇਸ ਜਿੰਦ ਨੂੰ ਲੋਕੋ?
ਕੀ ਚੰਗਿਆੜੀ ਭੜਕ ਪਈ ਹੈ?
ਏਥੇ ਸਭ ਕੁਝ ਪੱਲੇ ਇਹਦੇ
ਰੂਪ-ਰੰਗ ਜੀਵਨ ਦੀਆਂ ਖੇਡਾਂ
ਸੋਹਣੇ ਰੰਗ ਉਭਰਦੀਆਂ ਮੰਗਾਂ
ਇਹਦੀ ਪਿਆਸ ਬੁਝਾ ਨਾ ਸਕੀਆਂ
ਪਿਆਰ-ਤਰੰਗ ਹੋਰ ਹੀ ਕਿਧਰੇ
ਦੂਰ ਏਸਦੀ ਵਜਦੀ ਰਹਿੰਦੀ
ਵੰਝਲ ਹੋ ਹੋ ਕੂਹਦੀ ਰਹਿੰਦੀ।
ਹੱਥ ਮਸਲਦੀ ਆਹਾਂ ਭਰਦੀ
ਕੋਈ ਬੁੱਲੇ - ਲਿਆਵੇ ਲੱਭਕੇ
ਨਵ-ਸ਼ਗਨਾਂ ਦੀ ਲਾਲੀ ਵਾਂਗੂੰ
ਮੇਂਹ ਸ਼ਰਮਾਂਦੀ ਸਾਲੂ ਪਿੱਛੇ
ਊਸ਼ਾ ਦੀ ਲਾਲੀ ਵਿੱਚ ਉਭਰੇ
ਪੂਰਬ ਕੁੱਖ ਤੋਂ ਭਰੀ ਜਵਾਨੀ
ਕਸਕ ਪੀੜ ਵਿੱਚ, ਦਰਦ ਕੁੱਠੀ
ਆਸਾਂ ਦੇ ਸਾਇਆਂ ਵਿੱਚ ਰਹਿੰਦੀ।

## ਓ ਵਣਜਾਰੇ

(ਜਸਬੀਰ ਗੁਰਮ)
-ਕਿਟੀਮੈਟ, ਬੀ.ਸੀ.-

ਓ ਵਣਜਾਰੇ ਰਤਾ ਕੁ ਠਹਿਰੀਂ, ਰੱਤ ਮੇਰੀ ਵਿੱਚ ਕਸਕ ਹੈ ਹਾਲੇ।
ਓ ਦੁਖਿਆਰੇ ਰਤਾ ਕੁ ਠਹਿਰੀਂ, ਸਾਹ ਮੇਰੀ ਵਿੱਚ ਮਹਕ ਹੈ ਹਾਲੇ।
ਉਡੀਕ ਤੇਰੀ ਵਿੱਚ ਜਿੰਦੜੀ ਹਾਰੀ
ਰਾਤਾਂ ਗਿਣ ਗਿਣ ਉਮਰ ਗੁਜ਼ਾਰੀ
ਦਿਲ ਦਾ ਵੇਗ ਤਾਂ ਮੱਧਮ ਪੈ ਜਾਊ
ਸਿੱਕ ਤੇਰੀ ਵਿੱਚ ਰਹੂ ਕੁਆਰੀ
ਵੇਖਣ ਨੂੰ ਤਾਂ ਸ਼ਿੰਗਾਰ ਦਿਸਦੀ, ਬਦਨ ਮੇਰੇ ਵਿੱਚ ਲਚਕ ਹੈ ਹਾਲੇ।
ਓ ਵਣਜਾਰੇ ਰਤਾ ਕੁ ਠਹਿਰੀਂ ... ... ... ... ... ...
ਆਇਆਂ ਦੀ ਜੋ ਉਮਰ ਲੰਘਾਕੇ
ਤੜਪਨ ਦੇ ਵਿੱਚ ਜਿੰਦ ਗੁਆਕੇ
ਮੇਰੇ ਵਿੱਚੋਂ ਰੰਗਤ ਲੈ ਜਾ,
ਕਿਉਂ ਤੁਰਦਾ ਏਂ ਕੁ ਵਿੱਚ ਜਾਕੇ
ਮੇਰੀ ਰੂਹ ਤਾਂ ਬਿਸਰੀ ਹੋ ਗਈ, ਤੇਰੇ ਵਿੱਚ ਕਿਉਂ ਨਮਕ ਹੈ ਹਾਲੇ।
ਓ ਵਣਜਾਰੇ ਰਤਾ ਕੁ ਠਹਿਰੀਂ ... ... ... ... ... ...
ਆਹ ਤੈਨੂੰ ਮੈਂ ਲੀਕ ਪਾ ਦਿੱਤੀ,
ਦੁਨੀਆਂ ਉਧਰ ਮੈਂ ਹਾਂ ਇੱਧਰ
ਇਕ ਟੁੱਕ ਹੁਣ ਫੈਸਲਾ ਕਰਲਾ
ਦੱਸ ਦੇ ਤੂੰ ਏਂ ਜਾਣਾ ਕਿੱਧਰ।
ਬਹੁਤ ਪਰਖ ਤੂੰ ਕੀਤੀ ਅੜਿਆ, ਦੱਸ ਦੇ ਜੇ ਕੋਈ ਸ਼ੱਕ ਹੈ ਹਾਲੇ।
ਓ ਵਣਜਾਰੇ ਰਤਾ ਕੁ ਠਹਿਰੀਂ ... ... ... ... ... ... ...

## ਯਾਦ ਦਾ ਦੀਵਾ

(ਸੁਰਿੰਦਰ ਸਿੰਘ ਘੋਲੀਆ)
-ਵੈਨਕੋਵਰ, ਬੀ.ਸੀ.-

ਯਾਦ ਤੇਰੀ ਦਾ ਦੀਵਾ ਵੇ ਸੱਜਣਾ, ਅੱਜ ਕਾਹਤੋਂ ਮੈਂ ਬੈਠੀ ਬਾਲ।
ਆਵਣ ਯਾਦ ਪੁਰਾਣੀਆਂ ਯਾਦਾਂ ਰੋਵਣ ਮੰਦੜੇ ਹਾਲ
ਰੋਵਣ ਮੰਦੜੇ ਹਾਲ ਵੇ ਸੱਜਣਾ ਰੋਵਣ ਮੰਦੜੇ ਹਾਲ...
ਯਾਦ ਤੇਰੀ ਮੈਨੂੰ ਆ ਗਈ ਵੇ ਸੱਜਣਾ ਜਦ ਸੀ ਮੈਂ ਬੈਠੀ ਇਕੱਲੀ।
ਅੱਖਾਂ ਵਿੱਚ ਮੇਰੇ ਹੰਝੂ ਆ ਗਏ ਜਦ ਵਾ ਦੇ ਪੁਰੇ ਦੀ ਚੱਲੀ।
ਉਹ ਅੱਖਾਂ ਵਿੱਚੋਂ ਹੰਝੂ ਮੁੱਕ ਗਏ, ਮੈਂ ਹੰਝੂਆਂ ਦੀ ਕਰਦੀ ਹਾਂ ਭਾਲ।
ਯਾਦ ਤੇਰੀ ਦਾ ਦੀਵਾ ਵੇ ਸੱਜਣਾ ... ... ... ... ... ...
ਹਾਣ ਦੀਆਂ ਕੋਲੇ ਦੋ ਦੋ ਨਿਆਣੇ, ਇੱਕ ਗੋਦੀ ਇੱਕ ਉਂਗਲੀ।
ਮੈਂ ਤੱਤੜੀ ਬੰਨੇ ਵਿੱਚ 'ਡੀਕਾਂ, ਦੂਰ ਵੱਜੇ ਵੇ ਤੇਰੀ ਵੰਝਲੀ।
ਉਡ ਜਾਊਂ ਵੇ ਮੈਂ ਵਾਂਗ ਸੁਰਾਈਆਂ, ਆਕੇ ਯਾਰ ਨੂੰ ਸੰਭਾਲ।
ਯਾਦ ਤੇਰੀ ਦਾ ਦੀਵਾ ਵੇ ਸੱਜਣਾ ... ... ... ... ... ...
ਢਲ ਜਾਊ ਵੇ ਮੇਰਾ ਜੋਬਨ ਸਾਰਾ ਪਿੱਛੋਂ ਤੂੰ ਪਛਤਾਉਣਾ।
ਹੋਠਾਂ ਦੀ ਮੇਰੇ ਲਾਲੀ ਉਡ ਜਾਊ, ਰੂਪ ਮੇਰਾ ਕੁਮਲਾਉਣਾ।
ਆਜਾ ਘਰ ਪ੍ਰਦੇਸੀ ਢੋਲਾ, ਮੇਰੇ ਗੀਤ ਹੋਏ ਬੇਤਾਲ।
ਯਾਦ ਤੇਰੀ ਦਾ ਦੀਵਾ ਵੇ ਸੱਜਣਾ ... ... ... ... ... ...
ਬੀਤੀਆਂ ਯਾਦਾਂ - ਉਹ ਯਾਦਾਂ ਜੋ ਦਿਲ ਵਿੱਚ ਮੇਰੇ ਸਮਾਈਆਂ।
ਅੱਜ ਉਹ ਯਾਦਾਂ ਪੀੜਾਂ ਬਣਕੇ ਮਨ ਮੇਰੇ ਤੇ ਨੇ ਆਈਆਂ।
ਪੀੜਾਂ ਦੀ ਇਸ ਬਲਦੀ ਅੱਗ ਵਿੱਚ ਹੋਰ ਨਾ ਸੈਂਦੇ ਜਾਲ।
ਯਾਦ ਤੇਰੀ ਦਾ ਦੀਵਾ ਵੇ ਸੱਜਣਾ ... ... ... ... ... ...

## ਵਤਨੋਂ ਦੂਰ

(ਕਸ਼ਮੀਰਾ ਸਿੰਘ 'ਚਮਨ')
-ਕੈਮਲੂਪਸ, ਬੀ.ਸੀ.-

ਹਿਜਰ ਤੇਰੇ ਵਿੱਚ ਮਰਦੀ ਜਾਵਾਂ, ਪਰ ਤੂੰ ਵਤਨੋਂ ਦੂਰ।
ਦੋ ਦਿਨ ਦਾ ਚਮਕਾਰਾ ਵੇ ਸੱਜਣਾ, ਜੋਬਨ ਇਹ ਮਗ਼ਰੂਰ।
ਯਾਦ ਤੇਰੀ ਵਿੱਚ ਹੜ੍ਹ ਲਿਆਏ, ਬੀਤੇ ਕਈ ਸਿਆਲ ਵੇ ਢੋਲਾ।
ਪਰ ਤੈਂ ਜਿੰਦ ਨਿਮਾਣੀ ਦਾ ਨਾ ਕੀਤਾ ਰਤੀ ਖਿਆਲ ਵੇ ਢੋਲਾ।
ਆ ਮਿਲ ਸੁਹਣਿਆਂ ਮਾਹੀਆ ਉਏ ਤੂੰ ਰਹਿ ਨਾ ਅੱਖੀਓਂ ਦੂਰ
ਦੋ ਦਿਨ ਦਾ ਚਮਕਾਰਾ ਸੱਜਣਾ ... ... ... ... ...
ਤੇਰੇ ਬਾਝੋਂ ਸੁੰਨੇ ਜਾਪਣ, ਮੈਨੂੰ ਮਹਿਲ ਮੁਨਾਰੇ ਢੋਲਾ।
ਹੋਕੇ ਦੂਰ ਵਤਨ ਤੋਂ ਭੁੱਲਿਆ ਸੱਤੇ ਕੌਲ ਕਰਾਰ ਵੇ ਢੋਲਾ।
ਹੌਕੇ ਭਰਦੀ ਜਿੰਦ ਨਿਮਾਣੀ ਹੋਕੇ ਅੱਜ ਮਜ਼ਬੂਰ।
ਦੋ ਦਿਨ ਦਾ ਚਮਕਾਰਾ ਸੱਜਣਾ ... ... ... ... ...
ਸੁੰਨੇ ਵੇਖ ਵੇਖ ਖਾਣ ਚੁਬਾਰੇ ਕੱਲੀ ਨੂੰ ਡਰ ਆਏ ਵੇ ਢੋਲਾ।
ਸੇਜ ਪਈ ਨੂੰ ਨੀਂਦ ਨਾ ਆਏ ਦਾਮਨ ਚਮਕ ਡਰਾਏ ਵੇ ਢੋਲਾ।
ਔਸੀਆਂ ਪਾ ਪਾ ਰਾਤ ਗੁਜ਼ਾਰੇ ਯਾਦ ਤੇਰੀ ਵਿੱਚ ਹੂਰ।
ਦੋ ਦਿਨ ਦਾ ਚਮਕਾਰਾ ਵੇ ਸੱਜਣਾ ... ... ... ... ...
ਮਿੱਠੂ ਦੇ ਨਾਲ ਯਾਰੀ ਤੇਰੀ ਡਾਲਰ ਨਾਲ ਪ੍ਰੀਤ ਵੇ ਢੋਲਾ।
'ਚਮਨ' ਜਵਾਨੀ ਢਲ ਢਲ ਜਾਵੇ ਜੀਵਨ ਦਾ ਸੰਗੀਤ ਵੇ ਢੋਲਾ।
ਫਿਰ ਪਛਤਾਇਆਂ ਹੱਥ ਨਹੀਂ ਆਉਣਾ, ਹੁਸਨ ਮੇਰਾ ਭਰਪੂਰ।
ਦੋ ਦਿਨ ਦਾ ਚਮਕਾਰਾ ਵੇ ਸੱਜਣਾ ... ... ... ...

## ਗੀਤ

(ਪ੍ਰਮਜੀਤ 'ਕੰਵਲ' ਰਾਮਪੁਰੀ)
-ਵੈਨਕੋਵਰ, ਬੀ.ਸੀ.-

ਖਿੜੀਆਂ ਕਪਾਹਾਂ ਦੱਸ ਸਾਨੂੰ ਕਾਹਦਾ ਚਾਅ ਵੇ। ਹੋਵੇ ਭਾਵੇਂ ਲੱਖਾਂ ਮਣ ਸਾਨੂੰ ਕੀ ਏ ਭਾਅ ਵੇ।

ਚੁੱਕਣੇ ਨੂੰ ਲਾਵੇਂ ਅਤੇ ਵੇਚਣੇ ਨੂੰ ਦੱਸਦੇ। ਇਹ ਕੀ ਇਨਸਾਫ਼ ਭਲਾ ਆਪੇ ਤੂੰ ਹੀ ਦੱਸ ਵੇ।
ਸਾਡੇ ਪੱਲੇ ਫਿਕਰਾਂ ਜਾਂ ਠੰਡੇ ਠੰਡੇ ਸਾਹ ਵੇ। ਖਿੜੀਆਂ ਕਪਾਹਾਂ ... ... ... ...
ਵੇਲ ਵੇਲ ਛੁੱਟੀਆਂ ਨੂੰ ਬਾਹਾਂ ਗਈਆਂ ਥੱਕ ਵੇ। ਤੂੰ ਸਾਰਾ ਢੁੱਕਕੇ ਨਰਮ ਲਿਆ ਰੱਖ ਵੇ।
ਵੇਚ ਵੱਟ ਸਾਰਾ ਲਈਆਂ ਵਾਲੀਆਂ ਬਣਾ ਵੇ। ਖਿੜੀਆਂ ਕਪਾਹਾਂ ... ... ... ...
ਕਿੱਸੀਆਂ ਦੇ ਨਾਲ ਮੇਰੇ ਪਾਟ ਗਏ ਨੇ ਹੱਥ ਵੇ। ਤੇਰੀ ਭਾਬੋ ਰਹੀ ਨੇ ਘੜਾ ਲਈ ਚੰਨ ਨੱਥ ਵੇ।
ਸੜ ਸੜ ਦਿਲ ਮੇਰਾ ਹੋ ਗਿਆ ਸਵਾਹ ਵੇ। ਖਿੜੀਆਂ ਕਪਾਹਾਂ ... ... ... ...

ਸਾਡੇ ਵੱਲੋਂ ਭਾਵੇਂ ਕਿਤੇ ਤੇਲ ਜਾਵੇ ਲੱਗ ਵੇ। ਭਾਵੇਂ ਲਾਲੂ ਗੁੱਜਰ ਦਾ ਖਾ ਜਾਵੇ ਵੱਗ ਵੇ।
ਕਰ ਦੇਵੇ ਰੱਬ ਭਾਵੇਂ ਸਾਰੀ ਹੀ ਤਬਾਹ ਵੇ। ਖਿੜੀਆਂ ਕਪਾਹਾਂ ... ... ... ...
ਇੰਨਾਂ ਕੂੜੇ ਗਹਿਣਿਆਂ ਦੀ ਮੈਨੂੰ ਨਾਹੀ ਲੋੜ ਵੇ। ਪੀਆ ਤੇਰੇ ਪਿਆਰ ਦੀਏ ਇੱਕੋ ਬੱਸ ਥੋੜ ਵੇ।
ਛੱਡ ਦੇਸ ਨੌਕਰੀ ਤੂੰ ਛੇਤੀ ਘਰ ਆ ਵੇ। ਖਿੜੀਆਂ ਕਪਾਹਾਂ ... ... ... ...
ਦਗਾਈਆਂ ਜਨਤੀਆਂ ਤੇ ਮੌਜ ਰਹੀਆਂ ਲੁੱਟ ਵੇ। ਮੈਂ ਤੇ ਬੈਠੀ ਪੀਂਦੀ ਹਾਂ ਸਬਰ ਦੇ ਘੁੱਟ ਵੇ।
ਤੇਰੇ ਮੇਰੇ ਵਿੱਚ ਰੱਬ 'ਕੰਵਲ' ਗਵਾਹ ਵੇ। ਖਿੜੀਆਂ ਕਪਾਹਾਂ ... ... ... ...

## ਇੱਕ ਸਵਾਲ

(ਨਰਿੰਦਰ ਭਾਗੀ)
- ਵੈਨਕੋਵਰ, ਬੀ.ਸੀ. -

ਮੈਂ ਫ਼ਿਕਰ ਜ਼ਿੰਦਗੀ ਦੇ ਮਰਨੇ ਦੇ ਫ਼ਿਕਰ ਤੋਂ ਵੱਧ।
ਕੋਈ ਜੀਣ ਦੀ ਤਮੰਨਾ ਕਰਦਾ ਰਹੇ ਤਾਂ ਕਦ ਤੱਕ।
ਪਾਕੇ ਗਲੇ 'ਚ ਬਾਹਾਂ ਮੰਗਦੀ ਏ ਖ਼ੂਨ ਜਾਨੀ,
ਖ਼ਬਰੇ ਕੀ ਆਦਮੀ ਤੋਂ ਚਾਹੁੰਦੀ ਏ ਆਦਮੀਅਤ।
ਉਂ ਤਾਂ ਕਦੀ ਨਹੀਂ ਮੁਕਦੇ ਜਹਾਨਾਂ ਦੇ ਸਿਆਪੇ ਹਨੇਰੇ
ਕੋਈ ਦਰਦਾਂ 'ਚ ਏਥੇ ਬਲਦਾ ਰਹੇ ਤਾਂ ਕਦ ਤੱਕ।
ਜੋ ਛੱਡ ਗਏ ਸਫ਼ਰ ਵਿੱਚ ਮੁੜਨਾ ਉਨ੍ਹੇਂ ਕੀ ਰਾਹੀਆ,
ਮੋੜਾਂ ਤੇ ਰਾਹਬਰਾਂ ਨੂੰ ਰੋਂਦਾ ਰਹੇਂਗਾ ਕਦ ਤੱਕ।
ਤੇਰੇ ਲਈ ਰਾਹੀਆ ਮਾੜਾ ਸਮਾਂ ਨਹੀਂ ਮੁੱਕਣਾ,
ਤੂੰ ਪੌੜੀਆਂ ਤੇ ਘੜੀਆਂ ਗਿਣਦਾ ਰਹੇਂਗਾ ਕਦ ਤੱਕ।
ਬੰਦੇ 'ਚੋਂ ਆਦਮੀ ਤਾਂ ਲੱਭਿਆ ਨ ਟੋਲਿਆਂ ਵੀ
ਤੂੰ ਪੱਥਰਾਂ 'ਚੋਂ ਰੱਬ ਨੂੰ ਲਭਦਾ ਰਹੇਂਗਾ ਕਦ ਤੱਕ।
ਹਮਦਰਦ ਦੇ ਭੁਲੇਖੇ ਦੁਨੀਆਂ 'ਚ ਵਿਸ਼ਵਾਸ ਨਹੀਂ,
ਵਿਕਿਆ ਸੌਦਾਗਰਾਂ ਹੱਥ ਵਿਕਦਾ ਰਹੇਗਾ ਕਦ ਤੱਕ।

## ਅੱਲੇ ਫੱਟ

(ਹਰਭਜਨ ਸਿੰਘ ਚੇਰਾ)
- ਵੈਨਕੋਵਰ, ਬੀ.ਸੀ. -

ਪਿਆਰ ਦੀਆਂ ਠੋਕਰਾਂ ਨੇ ਦਿਲ ਮੇਰਾ ਖੋਹ ਲਿਆ।
ਭੁੱਲਕੇ ਮੈਂ ਫਿਰ ਅੱਲੇ ਫੱਟਾਂ ਨੂੰ ਹੈ ਛੋਹ ਲਿਆ।
ਯਾਦਾਂ ਦਾ ਨਾਸੂਰ ਬਣ ਸੀਨੇ ਵਿੱਚੋਂ ਫੁੱਟਿਆ,
ਬੀਤੇ ਪਲਾਂ ਫਿਰ ਮੇਰੀ ਜ਼ਿੰਦਗੀ ਨੂੰ ਕੋਹ ਲਿਆ।
ਪੀਤੇ ਸੀ ਮੈਂ ਭਰ ਭਰ ਜਾਮ ਤੇਰੀ ਪੀੜ ਦੇ,
ਹੁਣ ਕਾਹਨੂੰ ਫਿਰ ਤੇਰੀ ਯਾਦ ਨੇ ਹੈ ਮੋਹ ਲਿਆ।
ਤੜਫਦੀ ਰੂਹ ਤੇਰੀ ਹਾਲੇ ਵੀ ਕੀ ਮੇਰੇ ਲਈ?
'ਯਾਰ' ਤੇਰੇ ਪਿਆਰ ਲਈ ਮੈਂ ਫਿਰ ਰੱਜ ਕੇ ਰੋ ਲਿਆ।
ਭੁੱਲੀਆਂ ਕਹਾਣੀਆਂ ਨੇ ਮਨ ਮੇਰਾ ਪੱਛਿਆ,
ਕਿਸੇ ਕੋਲ ਜੋੜੇ ਸੀ ਮੈਂ ਦੁੱਖ ਅੱਜ ਫੋਲਿਆ
ਪੁੱਛ ਨਾ ਨੀ ਹਾੜਾ ਮੈਥੋਂ ਬੀਤੀਆਂ ਕਹਾਣੀਆਂ,
ਲੇਖ ਮੇਰੇ ਫੁੱਟੇ ਦਰ ਸੱਜਣਾ ਨੇ ਢੋਹ ਲਿਆ।
ਵਾਸਤਾ ਹੈ ਪਿਆਰ ਦਾ ਤੂੰ ਯਾਦ ਫਿਰ ਆਈਂ ਨਾ,
ਬੀਜ ਤੇਰੇ ਪਿਆਰ ਦਾ ਮੈਂ ਆਪਣੇ 'ਚ ਬੋ ਲਿਆ।

## ਗ਼ਜ਼ਲ

(ਕਿਸ਼ਨ ਸਿੰਘ ਐੱਮ.ਏ.)
- ਫੋਰਟ ਸੇਂਟ ਜੇਮਜ਼, ਬੀ.ਸੀ. -

ਪ੍ਰੀਤਾਂ ਤੇ ਪਹਿਰੇ ਬਿਠਾਏ ਗਏ ਨੇ।
ਅਰਮਾਨ ਦਿਲ ਦੇ ਦਬਾਏ ਗਏ ਨੇ।
ਦਿਲਬਰ ਦੇ ਦਿਲ ਤੇ ਕੀ ਬੀਤੇਗੀ ਸੁਣਕੇ
ਜਿਹੜੇ ਦੀਪ ਜਗਾਏ ਬੁਝਾਏ ਗਏ ਨੇ।
ਕਿਸੇ ਖ਼ਾਬ ਵਿੱਚ ਵੇਖੀ ਸੂਰਤ ਜੋ ਦੇਖੀ
ਨੈਣੀਂ ਉਹਦੇ ਘੱਟੇ ਕਿਉਂ ਪਾਏ ਗਏ ਨੇ।
ਲਬਾਂ ਤੇ ਕਦੀ ਜੇਕਰ ਨਾਂ ਤੇਰਾ ਆਇਆ
ਤਾਂ ਮਨਸੂਰ ਸੂਲੀ ਟੰਗਾਏ ਗਏ ਨੇ।
ਪਿੰਜਰੇ ਦੇ ਪੰਛੀ ਦੀ ਤੱਕੋ ਉਡਾਰੀ
ਜੀਹਦੇ ਖੰਭ ਹੱਥੀਂ ਖੁਹਾਏ ਗਏ ਨੇ।
ਗ਼ੈਰਾਂ ਤਾਂ ਕਰਨੀ ਹੀ ਸੀ ਆਪਣੀ ਮਰਜ਼ੀ
ਬੜੀ ਦੂਰ ਤੱਕ ਹਮਸਾਏ ਗਏ ਨੇ।
ਆਸ਼ਕ ਦੀ ਲੋਥੀ ਦਾ ਤੱਕਕੇ ਜਨਾਜ਼ਾ
ਬਹਿਸ਼ਤਾਂ ਦੇ ਖੰਡਰ ਸਜਾਏ ਗਏ ਨੇ।

## ਗ਼ਜ਼ਲ

(ਇੰਦਰੇਸ਼)
- ਵੈਨਕੋਵਰ, ਬੀ.ਸੀ. -

ਆਦਮੀ ਦੀ ਜ਼ਿੰਦਗੀ ਦੁਖਦਾ ਹੋਇਆ ਅੰਗਾਰ ਹੈ।
ਨਫ਼ਰਤਾਂ ਤੇ ਸ਼ਿਕਵਿਆਂ ਦਾ ਇਕ ਬੜਾ ਅੰਬਾਰ ਹੈ।
ਅੰਦਰ ਹੈ ਕਾਲਖ ਛਿਪਿਆ ਬਾਹਰੋਂ ਬਨਾਉਟੀ ਮੁਸਕਾਈ,
ਖਿੜਕੀ 'ਚ ਜਿਉਂ ਕੋਈ ਵੇਸਵਾ ਕਰਕੇ ਬੈਠੀ ਸ਼ਿੰਗਾਰ ਹੈ।
ਮੈਂ ਤਾਂ ਸਮਝਾਂ ਮੈਂ ਹੀ ਕਾਤਿਲ ਸਾਂ ਏਸ ਬਾਜ਼ਾਰ ਵਿੱਚ
ਪੁੱਛਿਆ ਮੈਂ ਜਾਕੇ ਜਦੋਂ ਸੀ, ਹਰ ਇਕ ਹੀ ਕਾਤਿਲ ਯਾਰ ਹੈ।
ਕੁਝ ਲੋਕ ਮੇਰੇ ਸ਼ਹਿਰ ਦੇ, ਮੂੰਹ ਤੋਂ ਪੁਜਾਰੀ ਸੀ ਮੇਰੇ,
ਪਤਾ ਨਹੀਂ ਮੇਰੇ ਮੁੱਖ ਤੇ ਕਿਉਂ ਮੂੰਹ ਤੋਂ ਇਨਕਾਰ ਹੈ।
ਛੱਡੋ ਇਹ ਕਿੱਸੇ ਝੂਠ ਦੇ ਹੈ ਬਹੁਤ ਕੁਝ ਮੈਂ ਪਰਖਿਆ
ਪੈਸਾ ਹੀ ਏਥੇ ਦੇਵਤਾ ਪੈਸੇ ਦਾ ਸਭ ਸੰਸਾਰ ਹੈ।
ਚਾਹਿਆ ਮੈਂ ਸੀ ਇਕ ਜਿੰਦ ਨੂੰ ਠੋਕਰ ਜੋ ਲਾਕੇ ਤੁਰ ਗਈ,
ਤਾਂਹੀ ਮੈਂ ਆਖਾਂ ਜ਼ਿੰਦਗੀ ਬੱਸ ਇੱਕ ਡਰਾਉਣੀ ਹਾਰ ਹੈ।

## ਪਲ

(ਰਣਜੀਤ ਸਿੰਘ ਕਿੰਗਰਾ)
- ਮਿਸ਼ਨ ਸਿਟੀ, ਬੀ.ਸੀ. -

ਸਾਰਾ ਦੱਸ ਭੁਲਾਵਾਂ ਕਿੱਦਾਂ ਤੇਰੇ ਨਾਲ ਗੁਜ਼ਾਰੇ ਪਲ।
ਗ਼ਮੀਆਂ ਵਿੱਚੋਂ ਹਾਸੇ ਲੱਭਣ ਪਿਆਰਾਂ ਦੇ ਦੁਰਕਾਰੇ ਪਲ।
ਹੋਰ ਕਿਤੇ ਨਾ ਮਿਲੇ ਟਿਕਾਣਾ ਬਹੁਤ ਕੋਸ਼ਿਸ਼ਾਂ ਕਰਕੇ ਥੱਕਿਆ,
ਤੇਰਾ ਰਾਹ ਮੁੜ ਫਿਰ ਪਏ ਤੱਕਣ, ਇਹ ਗ਼ਮੀਆਂ ਦੇ ਮਾਰੇ ਪਲ।
ਆਇਆ ਪਿੱਛੋਂ ਜਾਣ ਪਹਿਲਾਂ, ਰੁਕਦਾ ਨਾ ਤੂੰ ਚਾਰੇ ਪਲ।
ਜਾਣਾ ਔਖੀ ਕਾਹਲੀ ਕੀ ਹੈ ਮੰਗਦਾ ਨਹੀਂ ਮੈਂ ਸਾਰੇ ਪਲ।
'ਜ਼ਾਹ ਨਾ ਜਾ, ਸੋਚ ਵਿਚਾਰ', ਮਾਰਨ ਇਹ ਲਲਕਾਰੇ ਪਲ।
ਉਮਰ ਬੀਤ ਗਈ ਉਹ ਨਹੀਂ ਮੁੜਿਆ ਮੇਰੇ ਲਈ ਇਹ ਲਾਰੇ ਪਲ।
ਦਿਲ ਦੀ ਸਾਈ ਦੇ ਮੁੱਲ ਲੀਤੇ ਤੈਥੋਂ ਮੈਂ ਇਹ ਪਿਆਰੇ ਪਲ।
ਰਾਹ ਰੁਸ਼ਨਾਉਣ ਲਈ ਉਹ ਸਾਡਾ ਮਾਰਕੇ ਲਿਸ਼ਕਾਰੇ ਪਲ।
ਕਰੇ ਜੁਦਾਈ ਪਾ ਨਹੀਂ ਸਕਦੇ ਸਾਡੀ ਇਹ ਹਤਿਆਰੇ ਪਲ।
ਰੋਕੇਗਾ ਰਾਹ ਕਿਵੇਂ ਜ਼ਮਾਨਾ ਬਣਨੇ ਪੱਕੇ ਪਿਆਰੇ ਪਲ।

FOR ADVERTISEMENT IN "WATNO DŪR"
CONTACT:-
DILJIT TOOR
(Advertising Editor)
PHONE: 874-5403

## ਗੁਰਦਾਸ ਸਿੰਘ ਮਿਨਹਾਸ

ਹਰ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਸਮੇਂ ਤੁਹਾਨੂੰ
ਯੋਗ ਰਾਇ ਤੇ ਲਾਭਦਾਇਕ ਸੇਵਾਵਾਂ ਪੇਸ਼ ਕਰਦੇ ਹਨ।

ਟੈਲੀਫ਼ੋਨ :

ਦਫ਼ਤਰ : 879-7571 ਘਰ : 325-0372

MELTON
REAL ESTATE (B.C.) LTD.

**GURDAS S. MINHAS**

1435 KINGSWAY
VANCOUVER 12, B. C.

OFF. 879-7571
RES. 325-0372

*B.C.'s First Computerized Real Estate Service*



## ਬੰਬੇ ਕਰੀ ਰੈਸਟੋਰੈਂਟ, ਵੈਨਕੋਵਰ

3934 - ਮੇਨ ਸਟਰੀਟ (23 ਐਵੀਨਿਊ)
ਵੈਨਕੋਵਰ - ਬੀ.ਸੀ.
( ਟੈਲੀਫ਼ੋਨ : 874-5722)

ਜਿੱਥੇ ਤੁਸੀਂ ਚਿਕਨ ਕਰੀ, ਲੈਂਬ ਕਰੀ, ਬੀਫ਼ ਕਰੀ,
ਬੱਕਰੇ ਦਾ ਸਪੈਸਲ ਮੀਟ ਤੇ ਭਾਰਤੀ-ਮਿਠਿਆਈ
ਦਾ ਸੁਆਦ ਮਾਣ ਸਕਦੇ ਹੋ!

ਅਸੀਂ ਵਿਆਹ ਸ਼ਾਦੀਆਂ ਸਮੇਂ INDOOR ਅਤੇ
OUTDOOR ਪਾਰਟੀਆਂ ਦਾ ਵਿਸੇਸ਼-ਪ੍ਰਬੰਧ ਵੀ
ਕਰਦੇ ਹਾਂ।

### ਮਾਲਕ: ਸ੍ਰ: ਕੇਵਲ ਸਿੰਘ ਪਾਬਲਾ

ਜਿਨ੍ਹਾਂ ਦਾ ਕੁਕਿੰਗ ਦਾ
18 ਸਾਲ ਦਾ ਤਜਰਬਾ ਹੈ।



## ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

Off. 874-9429 Res. 942-5169

*Century Travel Service*

Lowest fares to India, Pakistan, Fiji,
Middle East, Europe and All over
The World

204 - 3310 Fraser St.
Vancouver, B. C., Canada
V5V 4C1

Gursharn Sandhu

ਅਸੀਂ ਤੁਹਾਨੂੰ ਸਸਤੇ ਤੋਂ ਸਸਤੇ ਕਿਰਾਏ ਵਿੱਚ ਭਾਰਤ,
ਪਾਕਿਸਤਾਨ, ਫੀਜੀ, ਮੱਧ-ਪੂਰਬ, ਯੂਰਪ ਅਤੇ ਸਾਰੇ
ਸੰਸਾਰ ਦੀ ਯਾਤਰਾ ਕਰਵਾਉਣ ਦਾ ਵਾਅਦਾ ਕਰਦੇ ਹਾਂ।



ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਪਹਿਲੀ ਜਨਵਰੀ 1974 ਤੋਂ ਦੁਨੀਆਂ ਦੇ ਕਿਸੇ
ਵੀ ਦੇਸ਼ ਵਿੱਚ ਪੈਸੇ ਭੇਜਣ ਦੀਆਂ ਸੇਵਾਵਾਂ ਪੇਸ਼ ਕਰਨ ਵਾਲੇ:

## ਸਿਹੋਤਾ ਡਿਸਟਰੀਬਿਊਟਰਜ਼

ਵਧੀਆ ਭਾਅ ਅਤੇ ਤਸੱਲੀ-ਬਖਸ਼
ਕੰਮ ਲਈ ਸਾਡੇ ਦਫ਼ਤਰ ਆ ਕੇ ਮਿਲੋ।

ਪਤਾ:
3483 - KINGSWAY
VANCOUVER
B.C.

ਘਰ: 324-2557

ਦਫ਼ਤਰ: 438-1304-5

# ਕੈਨੇਡਾ ਦੇ ਕਹਾਣੀਕਾਰ

'ਕੈਨੇਡਾ ਦੇ ਕਹਾਣੀਕਾਰ' ਪਹਿਲੀ ਵਾਰ ਪੇਸ਼ ਕੀਤੇ ਜਾ ਰਹੇ ਹਨ। ਕਹਾਣੀਆਂ ਪੁਜਦੀਆਂ ਹੀ ਬਹੁਤ ਘੱਟ ਹਨ ਤੇ ਪੁੱਜੀਆਂ ਵਿੱਚੋਂ ਛਪਣ ਜੋਗ ਹੋਰ ਵੀ ਘੱਟ!

ਅਮਰਜੀਤ ਚਾਹਲ ਕੈਨੇਡਾ ਦੇ ਨੌਜਵਾਨ ਕਹਾਣੀਕਾਰਾਂ ਦੀ ਅਗਲੀ ਕਤਾਰ ਵਿੱਚ ਵੇਖਿਆ ਜਾ ਸਕਦਾ ਹੈ। ਉਸ ਵਿੱਚ ਵਿਸ਼ੇ ਦੀ ਚੋਣ, ਵਿਅੰਗ, ਸਪੱਸ਼ਟਤਾ ਤੇ ਕਲਾਮਈ ਪੇਸ਼ਕਾਰੀ ਦੇਖਕੇ ਭਵਿੱਖ 'ਚ ਅਸੀਂ ਉਸ ਤੋਂ ਬਹੁਤ ਵਧੀਆ ਕਹਾਣੀਕਾਰ ਬਣਨ ਦੀ ਆਸ ਰੱਖ ਸਕਦੇ ਹਾਂ।

ਜਗਜੀਤ ਸਿੱਧੂ, ਗਾਗਨ ਪਾਕਿਸਤਾਨੀ ਦੇ ਵਿਚਾਰਧਾਰੇ ਤੋਂ ਪ੍ਰਭਾਵਤ ਹੋਇਆ ਲਗਦਾ ਹੈ – ਉਸਤੋਂ ਵਧੇਰੇ ਅਧਿਐਨ ਤੇ ਵਿਸ਼ਾਲ ਦ੍ਰਿਸ਼ਟੀਕੋਣ ਦੀ ਮੰਗ ਉਸਦੀ ਕਹਾਣੀ ਕਲਾ ਨੂੰ ਇਕ ਨਵਾਂ ਮੋੜ ਦੇ ਸਕਦੀ ਹੈ।

ਜੀ.ਐੱਸ. ਗਿੱਲ ਦੀ 1970 'ਚ ਲਿਖੀ ਇਸ ਕਹਾਣੀ ਦਾ ਵਿਸ਼ਾ ਪਰੰਪਰਾਵਾਦੀ ਹੈ ਪਰ ਰੂਪ ਨਵੀਨਤਾ ਵੱਲ ਵਧ ਰਿਹਾ ਪ੍ਰਤੀਤ ਹੁੰਦਾ ਹੈ!

(ਸੰਪਾਦਕ)

# ਆਜ਼ਾਦੀ ਦਾ ਦਿਨ

(ਅਮਰਜੀਤ ਸਿੰਘ ਚਾਹਲ, ਨਾਰਥ ਵੈਨਕੋਵਰ)

ਹੋਰ ਲੈਕਚਰਾਂ ਦੀ ਤਰ੍ਹਾਂ ਪ੍ਰਧਾਨ ਜੀ ਦੀ ਆਜ਼ਾਦੀ ਦੇ ਦਿਨ ਦੀ ਮਹੱਤਤਾ ਦੱਸ ਰਹੇ ਸੀ। ਜਿਵੇਂ ਜਿਵੇਂ ਉਹ ਲੈਕਚਰ ਕਰ ਰਹੇ ਸੀ, ਉਸੇ ਤਰ੍ਹਾਂ ਹੀ ਜੋਸ਼ ਵਿੱਚ ਆਈ ਜਾਂਦੇ।

ਟੱਲੀ ਵਾਂਗ ਖੜਕਦਾ ਬੋਲ, ਪ੍ਰਭਾਵਸ਼ਾਲੀ ਚਿਹਰਾ ਅਤੇ ਇਹੋ ਜਿਹਾ ਜੋਸ਼ੀਲਾ ਲੈਕਚਰ, ਨੌਜੁਆਨਾਂ ਦੇ ਤਾਂ ਕੀ; ਬੁੱਢਿਆਂ ਦੇ ਵੀ ਖੂਨ ਖੌਲ ਉੱਠੇ। ਇਸੇ ਦਾ ਸਦਕਾ ਕਿਸੇ ਬਜ਼ੁਰਗ ਨੇ ਜੈਕਾਰਾ ਵੀ ਬੁਲਾਇਆ।

ਸਾਰੀ ਸੰਗਤ ਸੁਸਰੀ ਵਾਂਗ ਸੌਂ ਗਈ। ਕਦੇ ਕਿਸੇ ਨੇ ਇਤਨਾ ਜੋਸ਼ੀਲਾ ਲੈਕਚਰ ਵੀ ਤੇ ਨਹੀਂ ਸੀ ਸੁਣਿਆ। ਇੰਜ ਮਾਲੂਮ ਹੁੰਦਾ ਸੀ ਕਿ ਪ੍ਰਧਾਨ ਜੀ ਨੇ ਕਾਫ਼ੀ ਮਿਹਨਤ ਨਾਲ ਤਿਆਰ ਕੀਤਾ ਹੋਇਆ ਹੈ।

ਉਹਨਾਂ ਨੂੰ ਤਾਂ ਇਹ ਵੀ ਖਿਆਲ ਨਹੀਂ ਸੀ ਕਿ ਉਹਨਾਂ ਦੇ ਮੂੰਹ 'ਚੋਂ ਡਿੱਗਣ ਵਾਲੀਆਂ ਥੁੱਕਾਂ ਦੂਸਰਿਆਂ ਤੇ ਪੈ ਰਹੀਆਂ ਹਨ।

ਗਦਰੀ ਬਾਬਿਆਂ ਤੋਂ ਲੈਕੇ ਦੇਸ਼ ਆਜ਼ਾਦ ਹੋਣ ਤੱਕ ਹੋਏ ਜ਼ੁਲਮਾਂ ਬਾਰੇ, ਬਹਾਦਰੀਆਂ ਬਾਰੇ – ਉਹਨਾਂ ਨੇ ਬੜੇ ਵਿਸਥਾਰ ਨਾਲ ਸੰਗਤ ਨੂੰ ਉਹਨਾਂ ਤੋਂ ਜਾਣੂ ਕਰਵਾਇਆ।

ਅੱਜ ਕਲ ਹਿੰਦੁਸਤਾਨ ਵਿੱਚ ਹੋ ਰਹੀ ਬਲੈਕ ਤੇ ਧੱਕੇਸ਼ਾਹੀ ਨੂੰ ਖੂਬ ਭੰਡਿਆ।

ਉਹਨਾਂ ਨੇ ਆਪਣੇ ਲੈਕਚਰ ਵਿੱਚ ਕਿਸੇ ਨਾਲ ਵੀ ਲਿਹਾਜ਼ ਨਾ ਕੀਤਾ। ਉਹਨਾਂ ਨੇ ਇਹ ਵੀ ਆਖਿਆ, "ਅਸੀਂ ਕਿਤਨੇ ਬੁਜ਼ਦਿਲ ਹੋ ਗਏ ਹਾਂ। ਆਜ਼ਾਦੀ ਦੇ ਦਿਨ ਨੂੰ, ਆਜ਼ਾਦੀ ਵਾਲੇ ਦਿਨ ਮਨਾਉਣ ਦੀ ਥਾਂ, ਉਸਦੇ ਲਾਗਲੇ ਸ਼ਨਿੱਚਰਵਾਰ ਜਾਂ ਐਤਵਾਰ ਮਿੱਥਦੇ ਹਾਂ। ਕੀ ਦੇਸ਼ ਲਈ ਸਾਡਾ ਇਹੋ ਪਿਆਰ ਹੈ ਕਿ ਦੇਸ਼-ਹਿਤ ਮਨਾਉਣ ਲਈ ਇੱਕ ਛੁੱਟੀ ਵੀ ਨਹੀਂ ਕਰ ਸਕਦੇ? ਆਪਣਾ ਝੰਡਾ ਨਹੀਂ ਝੁਲਾਉਂਦੇ; ਰਾਸ਼ਟਰੀ-ਗੀਤ ਨਹੀਂ ਗਾਉਂਦੇ; ਕੀ ਸਾਡਾ ਏਹੀ ਦੇਸ਼ ਪ੍ਰਤੀ ਪਿਆਰ ਹੈ। ਘੱਟੋ ਘੱਟ ਕੋਈ ਪ੍ਰੋਗਰਾਮ ਪੇਸ਼ ਕਰਨ ਤੋਂ ਪਹਿਲਾਂ ਰਾਸ਼ਟਰੀ ਗੀਤ ਗਾਉਣਾ ਵੀ ਤਾਂ ਇੱਕ ਦੇਸ਼-ਪਿਆਰ ਦਾ ਸਬੂਤ ਹੈ।"

ਅਖੀਰ ਵਿੱਚ ਉਹਨਾਂ ਨੇ ਸਾਧ-ਸੰਗਤ ਪਾਸੋਂ ਮਾਫ਼ੀ ਮੰਗੀ। ਬੜੇ ਪਿਆਰ ਨਾਲ ਗੁਰੂ ਗ੍ਰੰਥ ਜੀ ਨੂੰ ਮੱਥਾ ਟੇਕਿਆ।

ਜੁੱਤੀ ਪਾਉਂਦਿਆਂ ਨੂੰ ਕਿਸੇ ਨੇ ਪੁੱਛਿਆ, "ਪ੍ਰਧਾਨ ਜੀ, ਅੱਜ ਕਲ ਦੇਸ਼ ਨੂੰ ਪੈਸੇ ਭੇਜਣ ਦਾ ਕੀ ਰੇਟ ਹੈ?"

# ਇਹ ਫੁੱਲ ਤਾਂ ਮੇਰਾ ਸੀ

(ਜਗਜੀਤ ਸਿੰਘ - ਬਰਨੇਬੀ, ਬੀ.ਸੀ.)

ਜਦੋਂ ਮੈਨੂੰ ਤੇਰੀ ਵਫ਼ਾ ਦੀ ਯਾਦ ਆਉਂਦੀ ਹੈ; ਮੈਂ ਤੜਪ ਉਠਦਾ ਹਾਂ, ਮੇਰੀਆਂ ਅੱਖਾਂ ਭਰ ਆਉਂਦੀਆਂ ਹਨ। ਮੇਰੀਆਂ ਅੱਖਾਂ ਦੇ ਸਾਹਮਣੇ ਨਜ਼ਰ ਆਉਂਦੀ ਹਰ ਚੀਜ਼ ਮੈਨੂੰ ਆਪਣੀ ਜ਼ਿੰਦਗੀ ਦੀ ਇੱਕ ਸੱਚੀ ਦਾਸਤਾਨ ਜਾਪਦੀ ਹੈ! ਮੈਂ ਬੇਵੱਸ ਹੋ ਜਾਂਦਾ ਹਾਂ। ਅੱਖਾਂ ਬੰਦ ਕਰਦਾ ਹਾਂ ਤਾਂ ਮੈਨੂੰ ਮੇਰੀ ਬੇਵਫ਼ਾਈ ਦਾ ਖ਼ਿਆਲ ਆਉਂਦਾ ਹੈ - ਮੈਂ ਬਹੁਤ ਉੱਚੀ ਹਸਦਾ ਹਾਂ, ਪਾਗਲਾਂ ਵਾਂਗ!

ਅੱਜ ਦੀ ਸਵੇਰ ਵਿੱਚ ਮੇਰੀ ਅਤੇ ਤੇਰੀ ਜ਼ਿੰਦਗੀ ਦੀ ਕਿੰਨੀ ਸਾਂਝ ਹੈ। ਅਸਮਾਨ ਦੇ ਇੱਕ ਪਾਸੇ ਸੂਰਜ ਚਮਕ ਰਿਹਾ ਹੈ ਤੇ ਦੂਸਰੇ ਪਾਸੇ ਕਾਲੇ ਘੋਰ ਬੱਦਲ ਛਾਏ ਹੋਏ ਨੇ! ਇੰਞ ਜਾਪਦਾ ਹੈ ਕਿ ਕੁਦਰਤ ਨੇ ਅੱਜ ਦੇ ਦਿਨ ਦੇ ਦੋ ਟੁਕੜੇ ਕਰ ਦਿੱਤੇ ਹੋਣ - ਜਿਵੇਂ ਮੇਰੀ ਬੇਵਫ਼ਾਈ ਨੇ ਤੇਰੇ ਸੱਚੇ ਪਿਆਰ ਦੇ ਟੁਕੜੇ ਕੀਤੇ ਹਨ! ਮੈਂ ਤੇਰਾ ਗੁਨਾਹਗਾਰ ਹਾਂ!

ਬੀਜੀ ਚਾਹ ਲੈਕੇ ਅੰਦਰ ਆਉਂਦੇ ਹਨ। ਮੇਰੇ ਮੰਜੇ ਨਾਲ ਪਈ ਕੁਰਸੀ ਤੇ ਕੱਪ ਰੱਖਕੇ ਇਹ ਕਹਿਕੇ ਚਲੇ ਜਾਂਦੇ ਹਨ - "ਲੈ ਕਾਕਾ, ਚਾਹ ਪੀ ਲੈ!" ਕੱਪ 'ਚੋਂ ਨਿਕਲਦੇ ਧੂੰਏਂ ਵੱਲ ਮੇਰੀ ਨਜ਼ਰ ਜਾਂਦੀ ਹੈ ਤੇ ਤੇ ਮੈਨੂੰ ਇੰਞ ਮਹਿਸੂਸ ਹੁੰਦਾ ਹੈ ਜਿਵੇਂ ਧੂੰਆਂ ਉੱਡਕੇ ਬੱਦਲਾਂ ਦੀ ਘਟਾ ਨਾਲ ਮਿਲਕੇ ਉਸਨੂੰ ਹੋਰ ਗੂੜ੍ਹਿਆਂ ਕਰ ਰਿਹਾ ਹੈ! ਮੈਂ ਧੂੰਏਂ ਨੂੰ ਰੋਕਣ ਲਈ ਮਜ਼ਬੂਰ ਹੋ ਜਾਂਦਾ ਹਾਂ। ਜਲਦੀ ਨਾਲ ਕਾਪੀ ਦਾ ਵਰਕਾ ਕੱਪ ਉੱਤੇ ਰੱਖ ਦਿੰਦਾ ਹਾਂ ਤੇ ਖ਼ਿਆਲਾਂ ਵਿੱਚ ਡੁੱਬ ਜਾਂਦਾ ਹਾਂ! ਮੈਂ ਆਪਣੇ ਆਪਨੂੰ ਪੁੱਛਦਾ ਹਾਂ - "ਕੀ ਤੂੰ ਭੀ ਕਿਤੇ ਰੋਂਦੀ ਹੋਵੇਂਗੀ!" ਮੇਰਾ ਦਿਲ ਕਹਿੰਦਾ ਹੈ, "ਤੂੰ ਜ਼ਰੂਰ ਰੋਂਦੀ ਹੈਂ - ਮੇਰੇ ਵਾਂਗ!" ਚਾਹ ਦੀ ਘੁੱਟ ਭਰਨ ਲਈ ਵਰਕਾ ਚੁੱਕਦਾ ਹਾਂ ਤਾਂ ਭਾਫ਼ ਨਾਲ ਬਣੇ ਪਾਣੀ ਦੇ ਤੁਪਕੇ ਮੈਨੂੰ ਤੇਰੀਆਂ ਅੱਖਾਂ ਦੇ ਹੰਝੂ ਜਾਪਦੇ ਨੇ! ਮੈਂ ਬੇਹੱਦ ਬੇਆਰਾਮ ਹੋ ਜਾਂਦਾ ਹਾਂ!

ਹੁਣ ਦੋ ਪਲ ਆਪਣੀ ਚਾਲੇ ਬੀਤਦੇ ਜਾ ਰਹੇ ਹਨ। ਪਰ ਮੈਂ ਆਪਣੇ ਬੀਤੇ ਹੋਏ ਪਲਾਂ ਨੂੰ, ਤੇਰੀ ਤਸਵੀਰ ਦੇ ਇੱਕ ਪਾਸੇ ਆਪਣੀਆਂ ਅੱਖਾਂ ਦੇ ਸਾਹਮਣੇ ਖੜਾ ਕਰ ਰੱਖਿਆ ਹੈ। ਸ਼ਾਮ ਨੂੰ ਮੈਂ ਪਾਰਕ ਵਿੱਚ ਚਲਾ ਜਾਂਦਾ ਹਾਂ। ਇੱਕ ਰੁੱਖ ਹੇਠ ਬੈਠ ਜਾਂਦਾ ਹਾਂ। ਠੰਡੀ ਹਵਾ ਦੇ ਬੁੱਲੇ ਨਾਲ ਮੈਨੂੰ ਆਰਾਮ ਆਉਂਦਾ ਹੈ - ਉਵੇਂ, ਜਿਵੇਂ ਤੇਰੀ ਵਫ਼ਾ ਦੀ ਯਾਦ ਵਿੱਚ ਦੋ ਹੰਝੂ ਵਹਾਕੇ!

ਅਚਾਨਕ ਮੇਰੇ ਚਿਹਰੇ ਤੇ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ! ਮੈਂ ਤੜਪ ਉੱਠਦਾ ਹਾਂ - ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਮੈਨੂੰ ਮੇਰੀ ਬੇਵਫ਼ਾਈ ਦਾ ਸੇਕ ਲੱਗ ਰਿਹਾ ਹੋਵੇ! ਪਿੱਠ ਮੋੜਕੇ ਪਿੱਛਾਂਹ ਨੂੰ ਵੇਖਦਾ ਹਾਂ - ਦੂਰ ਢਲੀ ਗਈ ਛਾਂ ਵਿੱਚ ਤੇਰੀ ਸ਼ਕਲ ਫਿਰ ਦਿਖਾਈ ਦਿੰਦੀ ਹੈ ਤੇ ਇੰਞ ਲਗਦਾ ਹੈ ਜਿਵੇਂ ਤੂੰ ਮੇਰੀ ਬੇਵਫ਼ਾਈ ਤੋਂ ਡਰਦੀ ਦੂਰ ਨੱਸ ਰਹੀ ਹੈਂ। ਮੈਂ ਹੌਕਾ ਭਰਦਾ ਹਾਂ - ਮੇਰੇ ਬੁੱਲ ਕੰਬਣ ਲਗਦੇ ਨੇ...

ਬੈਠੇ ਬੈਠੇ ਮੇਰੀ ਨਜ਼ਰ ਸਾਹਮਣੇ ਦੋ ਫੁੱਲਾਂ ਤੇ ਜਾ ਟਿਕਦੀ ਹੈ। ਇੱਕ ਫੁੱਲ ਟਾਹਣੀ ਦੇ ਸਿਰੇ ਤੇ ਬਿਲਕੁੱਲ ਖ਼ਾਮੋਸ਼ ਪਿਆ ਹੈ ਅਤੇ ਦੂਸਰਾ ਫੁੱਲ ਟਾਹਣੀ ਨੂੰ ਮੋੜਦਾ ਧਰਤੀ ਵੱਲ ਜਾ ਰਿਹਾ ਹੈ ਜਿਵੇਂ ਆਪਣੇ ਸਾਥੀ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਮੈਨੂੰ ਮੇਰੀ ਆਪਣੀ ਜ਼ਿੰਦਗੀ ਦੀ ਕਹਾਣੀ ਮੇਰੀਆਂ ਅੱਖਾਂ ਦੇ ਸਾਹਮਣੇ ਦਿਸੀ। ਮੈਂ ਫੁੱਲਾਂ ਨੂੰ ਵੇਖੀ ਜਾ ਰਿਹਾ ਸੀ। ਕੁਝ ਦੇਰ ਬਾਅਦ ਇੱਕ ਰਾਹ ਜਾਂਦੇ ਆਦਮੀ ਨੇ ਉਸ ਟਾਹਣੀ ਤੇ ਲੱਗੇ ਖ਼ਾਮੋਸ਼ ਫੁੱਲ ਨੂੰ ਤੋੜਿਆ, ਚੁੰਮਿਆਂ ਤੇ ਲੈਕੇ ਚਲਾ ਗਿਆ। ਮੇਰਾ ਦਿਲ ਡੁੱਲ ਗਿਆ। ਮੈਨੂੰ ਇੰਞ ਜਾਪਿਆ ਜਿਵੇਂ ਕੁਦਰਤ ਵੀ ਮੈਨੂੰ ਤਾਹਨੇ ਮਾਰ ਰਹੀ ਹੋਵੇ। ਮੇਰੀਆਂ ਅੱਖਾਂ ਝੁਕ ਗਈਆਂ। ਮੇਰੇ ਕੰਬਦੇ ਹੋਠਾਂ ਵਿੱਚੋਂ ਇਹ ਸ਼ਬਦ ਨਿੱਕਲੇ:

"ਇਹ ਫੁੱਲ ਤਾਂ ਮੇਰਾ ਸੀ..."

ਤੇਰੇ ਸੱਚੇ ਪਿਆਰ ਅੱਗੇ ਮੇਰੀਆਂ ਅੱਖਾਂ ਹਮੇਸ਼ਾਂ ਝੁਕੀਆਂ ਰਹਿਣਗੀਆਂ! ਮੈਨੂੰ ਤੇਰੀ ਵਫ਼ਾ ਦੀ ਕਸਮ ਹੈ, ਅੱਜ ਤੋਂ ਬਾਦ ਮੇਰੀ ਕਲਮ ਤੇਰੇ ਪਿਆਰ ਬਾਰੇ ਕੁਝ ਨਹੀਂ ਲਿਖੇਗੀ!!

---


## FILM - INFORMATION

1. Queen Elizabeth Playhouse, Vancouver:
   Call, Avtar Bains (325-7369), Amarjit Binning (327-9573)
2. Metro Theatre, Olympia Theatre, Centennial, & Aboscastle Theatre Abbotsford:
   Call, Horizon Films Ltd. - 321-6214 ; 321-1104.
3. Centennial Theatre, Surrey (Phone: 596-7461):
   Call, Ajanta Films - 434-9812, 435-6227.

ਫਿਲਮ ਸੂਚਨਾ
- ਅਵਤਾਰ ਬੈਂਸ (325-7369), ਅਮਰਜੀਤ ਬਿਨਿੰਗ (327-9573)
- ਹੋਰੀਜ਼ਨ ਫਿਲਮਜ਼ ਲਿਮਿਟਡ (321-6214, 321-1104)
- ਅਜੰਤਾ ਫਿਲਮਜ਼ ਕਾਰਪੋਰੇਸ਼ਨ (434-9812, 435-6227)

ਇੱਕ ਗੁਮਨਾਮ ਕਲਾਕਾਰ ਦੇ ਨਾਂ :

# ਕਲਾਕਾਰ

(ਜੀ. ਐੱਸ. ਗਿੱਲ, ਮੀਡਿ, ਬੀ.ਸੀ.)

ਨਵਾਂ ਸ਼ਹਿਰ, ਨਵੀਂ ਦੁਨੀਆਂ, ਜਿੱਥੇ ਉਸਨੂੰ ਕੋਈ ਨਹੀਂ ਸੀ ਜਾਣਦਾ, ਉੱਥੇ ਜੱਗੂ ਨੇ ਆਪਣਾ ਡੇਰਾ ਲਾ ਲਿਆ। ਆਪਣੀ ਬੱਚੀ ਨੂੰ ਸਕੂਲੇ ਪੜ੍ਹਨੇ ਪਾ ਦਿੱਤਾ। ਸਾਰਾ ਦਿਨ ਮਿਹਨਤ-ਮਜ਼ਦੂਰੀ ਕਰਕੇ ਉਹ ਬੱਚੀ ਨੂੰ ਪੜ੍ਹਾਉਂਦਾ ਰਿਹਾ, ਆਪਣਾ ਪੇਟ ਪਾਲਦਾ ਰਿਹਾ।

ਸੁਖੀ ਇੱਕ ਇੱਕ ਕਰਕੇ, ਦੋ ਦੋ ਕਰਕੇ ਜਮਾਤਾਂ ਪਾਸ ਕਰਦੀ ਗਈ। ਜਦੋਂ ਉਹ ਅੱਠਵੀਂ ਵਿੱਚ ਪੜ੍ਹਦੀ ਸੀ, ਉਸਦੀ ਸੁਰੀਲੀ ਆਵਾਜ਼ ਦੇਖਕੇ ਉਸਦੀ ਉਸਤਾਨੀ ਨੇ ਉਸਨੂੰ ਗਾਉਣ ਦਾ ਸ਼ੌਕ ਲਾ ਦਿੱਤਾ। ਪਹਿਲੀ ਵਾਰ ਜਦ ਉਹ ਸਟੇਜ ਤੇ ਗਈ; ਉਹ ਗੀਤ ਭੁੱਲ ਗਈ, ਲੱਤਾਂ ਕੰਬਣ ਲੱਗੀਆਂ – ਪਰ ਉਸਦੀ ਸੁਰੀਲੀ ਆਵਾਜ਼ ਦਾ ਅਸਰ ਸਰੋਤਿਆਂ ਤੇ ਜ਼ਰੂਰ ਸੀ। ਗੀਤ ਭੁੱਲਕੇ ਆਈ ਉਦਾਸ ਤੇ ਰੋਂਦੀ ਸੁਖਮੀਤ ਨੂੰ ਉਸਦੀ ਉਸਤਾਨੀ ਨੇ ਬੜਾ ਹੌਸਲਾ ਦਿੱਤਾ। ਉਸਤਾਨੀ ਦੇ ਬੋਲਾਂ ਨੇ ਸੁਖਮੀਤ ਨੂੰ ਉਤਸ਼ਾਹਤ ਕੀਤਾ ਤੇ ਉਸਦੇ ਅੰਦਰੋਂ ਕਲਾਕਾਰ ਸੁਖਮੀਤ ਨੂੰ ਜਗਾ ਦਿੱਤਾ। ਉਸਨੇ ਫ਼ੈਸਲਾ ਕਰ ਲਿਆ ਕਿ ਉਹ ਇਕ ਦਿਨ ਚੋਟੀ ਦੀ ਕਲਾਕਾਰ ਬਣੇਗੀ।

ਅਤੇ ਫਿਰ ਇਕ ਦਿਨ ਆਇਆ ਜਦੋਂ ਉਸਦਾ ਨਾਮ ਅਖ਼ਬਾਰਾਂ ਵਿੱਚ ਛਪਣ ਲੱਗ ਪਿਆ। ਉਸਦੇ ਨਾਮ ਨਾਲ ਕਲਾਕਾਰ ਵੀ ਲਾ ਦਿਤਾ ਗਿਆ ਸੀ। ਹਰ ਪਾਸੇ ਸੁਖਮੀਤ ਦੀ ਚੜ੍ਹਦੀ ਗੁੱਡੀ ਸੀ। ਰੇਡੀਓ ਸਟੇਸ਼ਨ ਦਾ ਨੁਮਾਇੰਦਾ ਗੀਤ ਗਾਣ ਲਈ ਉਸਦੇ ਦਸਤਖ਼ਤ ਕਰਵਾ ਕੇ ਲੈ ਗਿਆ। ਉਹ ਰੇਡੀਓ ਆਰਟਿਸਟ ਬਣ ਗਈ ਸੀ!

ਜੱਗੂ ਖ਼ੁਸ਼ੀ ਵਿੱਚ ਪਾਗਲ ਹੋ ਉੱਠਿਆ ਸੀ। ਉਸਨੂੰ ਇੰਝ ਜਾਪਦਾ ਸੀ ਜਿਵੇਂ ਉਹ ਜੱਗੂ ਤੋਂ ਜਗਦੇਵ ਸਿੰਘ ਬਣ ਗਿਆ ਹੋਵੇ। ਅਗਲੇ ਦਿਨ ਰੇਡੀਓ ਤੇ ਸੁਰੀਲੀ ਆਵਾਜ਼ ਵਿੱਚ ਸੁਖਮੀਤ ਦਾ ਗੀਤ ਸ਼ੁਰੂ ਹੋਇਆ :-

ਮੇਰੇ ਦੂਰ ਬੈਠੇ ਸੱਜਣਾਂ ਤੇਰੀ ਯਾਦ ਸਤਾਏ।
ਘੁੱਲ ਘਰ ਘਰ ਰੋਵਣ ਦਿਲ ਭਰ ਭਰ ਆਏ।

ਜੱਗੂ ਸਾਰਾ ਦਿਨ ਰੇਡੀਓ ਨਾਲ ਕੰਨ ਲਾਈ ਬੈਠਾ ਰਿਹਾ ਸੀ। ਬੜੀ ਕਾਮਯਾਬੀ ਨਾਲ ਸੁਖਮੀਤ ਨੇ ਗੀਤ ਗਾਇਆ।

ਉਸਨੇ ਜ਼ਿੰਦਗੀ 'ਚ ਪਹਿਲੀ ਵਾਰੀ ਇਤਨੇ ਪੈਸੇ ਹੱਥ ਵਿੱਚ ਫੜਕੇ ਵੇਖੇ ਸਨ। ਬਾਪੂ ਦੀ ਝੋਲੀ ਵਿੱਚ ਪੈਸੇ ਰੱਖਕੇ ਆਖਣ ਲੱਗੀ :- "ਬਾਪੂ ਹੁਣ ਤੂੰ ਮਜ਼ਦੂਰੀ ਕਰਨ ਨਹੀਂ ਜਾਵੇਂਗਾ..."

ਜੱਗੂ ਦੀਆਂ ਅੱਖਾਂ ਭਰ ਆਈਆਂ। ਉਸਨੂੰ ਬੀਤੇ ਦਿਨ ਯਾਦ ਆ ਗਏ ਜਦੋਂ ਉਹ ਬਾਰ ਵਿੱਚ 'ਜਗਦੇਵ ਸਿੰਘ' ਕਹਾਉਂਦਾ ਹੁੰਦਾ ਸੀ। ਫਿਰ ਇਕ ਤੂਫ਼ਾਨ ਆਇਆ ਜਿਸਨੇ ਉਸਨੂੰ ਜਗਦੇਵ ਸਿੰਘ ਤੋਂ ਜੱਗੂ ਬਣਾ ਦਿੱਤਾ... ਉਸਨੂੰ ਭਰਿਆ ਘਰ, ਜ਼ਮੀਨ-ਜਾਇਦਾਦ ਛੱਡਕੇ ਖ਼ਾਲੀ ਹੱਥੀਂ ਤੁਰਨਾ ਪਿਆ। ਕਿਸ ਤਰਾਂ ਜ਼ਾਲਮਾਂ ਨੇ ਉਸਦੀ ਪਤਨੀ ਦੀ ਇੱਜ਼ਤ ਲੁੱਟੀ - ਉਹ ਆਪਣੀ ਇੱਜ਼ਤ ਦੀ ਖ਼ਾਤਰ ਹੀ ਆਪਣੇ ਆਪ ਖੰਜਰ ਮਾਰ ਬੈਠੀ। ਆਪ ਤਾਂ ਮਰੀ ਹੀ ਸੀ, ਇਕ ਹੋਰ ਨਿਰਜਿੰਦ ਮਾਸ ਦੇ ਪੁਤਲੇ ਨੂੰ ਵੀ ਨਾਲ ਹੀ ਲੈ ਮਰੀ... ਕਿਸ ਤਰ੍ਹਾਂ ਜੱਗੂ ਆਪਣੀ ਪਤਨੀ ਦੀ ਆਖ਼ਰੀ ਨਿਸ਼ਾਨੀ ਨੂੰ ਬਚਾ ਕੇ ਲਿਆਇਆ... ਇਸ ਸ਼ਹਿਰ ਵਿੱਚ ਉਸਨੂੰ ਰਹਿੰਦਿਆਂ ਕਿੰਨਾ ਚਿਰ ਹੋ ਗਿਆ ਸੀ। ਜੇ ਅੱਜ ਉਸਦੀ ਪਤਨੀ ਜਿਉਂਦੀ ਹੁੰਦੀ ਤਾਂ ਉਹ ਵੀ ਆਪਣੀ ਧੀ ਨੂੰ ਵੇਖਦੀ... ਕਿੰਨੀ ਰਾਤ ਗਈ ਉਹ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਗਲ ਨਾਲ ਲਾਕੇ ਪਤਾ ਨਹੀਂ ਕਿਹੜੇ ਵੇਲੇ ਸੌਂ ਗਿਆ...

ਇੱਕ ਤੋਂ ਮਗਰੋਂ ਦੂਜੀ, ਹਰ ਰੋਜ਼ ਕਿਸੇ ਨਾ ਕਿਸੇ ਕੰਪਨੀ ਵੱਲੋਂ ਸੁਖਮੀਤ ਨੂੰ ਗਾਉਣ ਲਈ ਸੱਦਾ ਆਉਂਦਾ। ਕਈ ਰੀਕਾਰਡ ਕੰਪਨੀਆਂ ਦੇ ਏਜੰਟ ਕਾਰਾਂ ਲਈ ਉਸਦੇ ਅੱਗੇ ਪਿੱਛੇ ਫਿਰਦੇ ਰਹਿੰਦੇ ਤੇ ਫਿਰ ਜਦੋਂ ਉਸਦਾ ਰੀਕਾਰਡ ਮਾਰਕੀਟ ਵਿੱਚ ਆ ਜਾਂਦਾ ਤਾਂ ਹੱਥੋਂ ਹੱਥੀ ਵਿਕ ਜਾਂਦਾ।

ਜਦੋਂ ਕਦੇ ਸੁਖਮੀਤ ਰੇਡੀਓ ਤੇ ਗਾ ਰਹੀ ਹੁੰਦੀ ਤਾਂ ਸੁਣਨ ਵਾਲਿਆਂ ਨੂੰ ਦੀਵਾਨੇ ਕਰ ਦਿੰਦੀ। ਉਸਦੇ ਬੋਲਾਂ ਵਿੱਚ ਇੱਕ ਜਾਦੂ ਸੀ, ਇਕ ਲਚਕ ਸੀ, ਇੱਕ ਅਜੀਬ ਖਿੱਚ ਸੀ, ਜਿਸ ਨਾਲ ਚੰਗਾ ਭਲਾ ਆਦਮੀ ਵੀ ਉਸਦਾ ਦੀਵਾਨਾ ਹੋ ਜਾਂਦਾ। ਜਦੋਂ ਕਿਤੇ ਗਾ ਕੇ ਉਹ ਘਰ ਪਰਤਦੀ ਤਾਂ ਉਸਦੀ ਪ੍ਰਸ਼ੰਸਾ ਦੇ ਖ਼ਤਾਂ ਦਾ ਢੇਰ ਲੱਗਿਆ ਹੁੰਦਾ।

ਸੁਖਮੀਤ ਨੇ ਥੋੜ੍ਹੇ ਹੀ ਚਿਰ ਵਿੱਚ ਇੱਕ ਛੋਟੇ ਖੋਲੇ ਤੋਂ ਇੱਕ ਆਲੀਸ਼ਾਨ ਕੋਠੀ ਵਿੱਚ ਪ੍ਰਵੇਸ਼ ਕਰ ਲਿਆ ਸੀ। ਜੱਗੂ ਨਵੀਂ ਕੋਠੀ ਵਿੱਚ ਵੀ ਬਹੁਤ ਘੁੱਟਿਆ ਘੁੱਟਿਆ ਰਹਿੰਦਾ – ਪੁਰਾਣੀਆਂ ਯਾਦਾਂ ਉਸਦਾ ਖਹਿੜਾ ਨਹੀਂ ਸੀ ਛੱਡਦੀਆਂ। ਹਮੇਸ਼ਾਂ ਬੀਤੇ ਬਾਰੇ ਸੋਚਦਾ ਖੋਇਆ ਖੋਇਆ ਰਹਿੰਦਾ! ਸੁਖਮੀਤ ਦੇ ਕਈ ਵੇਰ ਪੁੱਛਣ ਤੇ ਵੀ ਉਹ ਦਿਲੀ-ਭੇਤ ਨਹੀਂ ਸੀ ਖੋਲ੍ਹਦਾ – ਉਹ ਆਪ ਤਾਂ ਦੁਖੀ ਹੀ ਸੀ ਪਰ ਆਪਣੀ ਧੀ ਨੂੰ ਦੁਖੀ ਨਹੀਂ ਸੀ ਕਰਨਾ ਚਾਹੁੰਦਾ।

ਸਮਾਂ ਬੀਤਿਆ ਤਾਂ ਇੱਕ ਨਵਾਂ ਕਲਾਕਾਰ ਹੋਰ ਪੈਦਾ

ਹੋ ਗਿਆ, ਜਿਸਦੇ ਗੀਤਾਂ ਨੇ ਪੰਜਾਬੀ ਗੀਤਾਂ ਦੀ ਦੁਨੀਆਂ ਨੂੰ ਇਕ ਨਵਾਂ ਮੋੜ ਦੇ ਦਿੱਤਾ। ਜੇ ਉਸਦੇ ਗੀਤਾਂ ਨੂੰ ਕੋਈ ਚੰਗਾ ਗਾਉਣ ਵਾਲਾ ਹੋਵੇ ਤਾਂ ਨਜ਼ਾਰਾ ਹੀ ਆ ਜਾਵੇ। ਹਰਪਾਲ ਦੇ ਗੀਤ ਤੇ ਸੁਖਮੀਤ ਦੀ ਆਵਾਜ਼ ਦਿਨੋ ਦਿਨ ਬਰਾਬਰ ਉੱਭਰ ਰਹੇ ਸਨ। ਲੋਕਾਂ ਦੀ ਮੰਗ ਸੀ ਕਿ ਜੇਕਰ ਸੁਖਮੀਤ ਹਰਪਾਲ ਦੇ ਲਿਖੇ ਗੀਤ ਗਾਏ ਤਾਂ ਤਰਥੱਲੀ ਮੱਚ ਜਾਏ।

ਲੋਕਾਂ ਦੀ ਵਧਦੀ ਮੰਗ ਨੇ ਹਰਪਾਲ ਨੂੰ ਸੁਖਮੀਤ ਦੇ ਦਰਵਾਜ਼ੇ ਤੇ ਲੈ ਆਂਦਾ। ਹਰਪਾਲ ਨੇ ਗੀਤ ਕੀ ਭੇਟ ਕੀਤੇ ਕਿ ਸੁਖਮੀਤ ਅੱਗੋਂ ਆਪਣਾ ਦਿਲ ਭੇਟ ਕਰ ਬੈਠੀ! ਕਈ ਵੇਰੀ ਅਜਨਬੀ ਇੱਕੋ ਵੇਰੀ ਮਿਲਕੇ ਆਪਣਾ ਹੋ ਜਾਂਦਾ ਹੈ ਤੇ ਕਈ ਵੇਰੀ ਸੌ ਵੇਰੀ ਮਿਲਕੇ ਵੀ ਪਰਾਇਆ ਹੀ ਰਹਿੰਦਾ ਹੈ।

ਹਰਪਾਲ ਦੇ ਗੀਤ ਸੁਖਪਾਲ ਦੀ ਜ਼ੁਬਾਨ ਤੇ ਮਚਲਣ ਲੱਗ ਪਏ। ਇੱਕ ਦੋ ਚਾਰ ਲੋਕਾਂ ਵਿੱਚ ਹਲਚਲ ਮੱਚ ਗਈ। ਰੀਕਾਰਡ ਮਾਰਕੀਟ ਵਿੱਚ ਆਉਂਦਾ ਹੀ ਖ਼ਤਮ ਹੋ ਜਾਂਦਾ। ਅਖ਼ੀਰ ਸੁਖਮੀਤ ਨੇ ਕਿਸੇ ਹੋਰ ਕਲਾਕਾਰ ਦਾ ਲਿਖਿਆ ਗੀਤ ਹੀ ਗਾਉਣਾ ਛੱਡ ਦਿੱਤਾ। ਜੋ ਸੁਆਦ ਉਸਨੂੰ ਹਰਪਾਲ ਦਾ ਲਿਖਿਆ ਗੀਤ ਗਾਕੇ ਆਉਂਦਾ, ਉਹ ਕਿਸੇ ਹੋਰ ਦੇ ਗੀਤ ਵਿੱਚੋਂ ਨਾ ਮਿਲਦਾ!

ਪਿਆਰ ਦਾ ਜਾਲ ਬੁਣਿਆ ਹੋਇਆ ਸੀ। ਪੰਛੀ ਫਸ ਚੁੱਕਿਆ ਸੀ। ਹਰਪਾਲ ਕਈ ਵੇਰ ਸੁਖਮੀਤ ਦੇ ਘਰ ਆਉਂਦਾ ਅਤੇ ਸੁਖਮੀਤ ਵੀ ਕਦੇ ਕਦਾਈਂ ਹਰਪਾਲ ਦੇ ਘਰ ਚਲੀ ਜਾਂਦੀ ਸੀ। ਪਿਆਰ ਵਧਦਾ ਗਿਆ - ਵਾਅਦੇ ਹੁੰਦੇ ਰਹੇ ਜ਼ਿੰਦਗੀ ਭਰ ਸਾਥ ਨਿਭਾਉਣ ਦੇ!

ਹਰ ਜ਼ੁਬਾਨ ਤੇ ਦੋ ਕਲਾਕਾਰਾਂ ਦੇ ਚਰਚੇ ਸਨ - ਇਕ ਸ਼ਬਦਾਂ ਦਾ ਤੀਰ ਚਲਾਉਂਦਾ ਸੀ, ਦੂਜਾ ਬੋਲਾਂ ਦੇ ਤੀਰ ਚਲਾਉਂਦਾ ਸੀ - ਦੋਵੇਂ ਤੀਰ ਰਲਕੇ ਇਕ ਕਿਆਮਤ ਬਣ ਗੁਜ਼ਰੇ। ਕਿਆਮਤ ਬਣਦੇ ਵੀ ਕਿਉਂ ਨਾ? ਗੀਤਾਂ ਵਿੱਚ ਜਵਾਨੀ ਦੇ ਉੱਭਰਦੇ ਨਿਸ਼ਾਨ ਸਨ ਤੇ ਬੋਲਾਂ ਵਿੱਚ ਚੜ੍ਹਦੀ ਜਵਾਨੀ ਦੀ ਮਸਤੀ!

ਜਦੋਂ ਕਲੀ ਖਿਲਣ ਤੇ ਆਉਂਦੀ ਹੈ ਤਾਂ ਭੌਰੇ ਖਿਲਣ ਤੋਂ ਪਹਿਲਾਂ ਹੀ ਚੂਸ ਲੈਣਾ ਚਾਹੁੰਦੇ ਹਨ। ਇਸੇ ਤਰ੍ਹਾਂ ਇਕ ਵਹਿਸ਼ੀ ਭੌਰਾ ਕਲੀ ਨੂੰ ਜ਼ਿਬਾਹ ਕਰਨ ਲਈ ਭੌਂਦਿਆ ਫਿਰਦਾ ਸੀ। ਤੇ ਉਹ ਬਦਕਿਸਮਤ ਰਾਤ ਵੀ ਆ ਗਈ ਜਦ ਚੁਸਤੀ ਨਾਲ ਪਾਲ ਸੁਖੀ ਨੂੰ ਆਪਣੇ ਘਰ ਲੈ ਗਿਆ - ਉਸ ਰਾਤ ਘਰ ਕੋਈ ਨਹੀਂ ਸੀ। ਦੋ ਜਵਾਨ ਦਿਲ, ਦੋ ਕਲਾਕਾਰ - ਇਕ ਕਲੀ ਤੇ ਇਕ ਭੌਰਾ। ਤੇ ਵਹਿਸ਼ੀ ਭੌਰਾ ਆਪਣੀ ਆਦਤ ਪੂਰੀ ਕਰਕੇ ਹੀ ਹਟਿਆ - ਸੁਖਮੀਤ ਦੀ ਇੱਕ ਵੀ ਨਾ ਸੁਣੀ ਉਸਨੇ - ਸੁਖਮੀਤ ਦਾ ਸਭ ਕੁਝ ਲੁੱਟਿਆ ਗਿਆ!

ਕਲੀ ਦੀ ਕਿਸੇ ਨੇ ਪੁਕਾਰ ਨਾ ਸੁਣੀ ਪਰ ਫਿਰ ਵੀ ਵਿਚਾਰੀ ਕਲੀ ਸੋਚਦੀ ਹੈ - ਭੌਰ ਸਿਰਫ਼ ਉਸਦਾ ਹੈ - ਪਰ ਭੌਰੇ ਕਿਤੇ ਕਿਸੇ ਇੱਕ ਕਲੀ ਦੇ ਹੁੰਦੇ ਹਨ? ਭੌਰੇ ਤਾਂ ਸਿਰਫ਼ ਰਸ ਹੀ ਚੂਸਦੇ ਹਨ ਵੱਖ ਵੱਖ ਕਲੀਆਂ ਦਾ, ਉਨ੍ਹਾਂ ਨੂੰ ਕਿਸੇ ਕਲੀ ਨਾਲ ਪਿਆਰ ਨਹੀਂ ਹੁੰਦਾ।

ਸੁਖਮੀਤ ਆਪਣਾ ਸਭ ਕੁਝ ਲੁਟਾ ਬੈਠੀ। ਫਿਰ ਸੋਚਦੀ ਕਿ ਜੇ ਬਾਪੂ ਨੂੰ ਪਤਾ ਲੱਗ ਗਿਆ ਤਾਂ ਮੈਨੂੰ ਜਾਨੋਂ ਮਾਰ ਦੇਵੇਗਾ - ਪਰ ਨਹੀਂ, ਮੈਂ ਉਸਨੂੰ ਦੱਸਾਂਗੀ ਹੀ ਨਹੀਂ ਕਿ ਮੈਂ ਅੰਤ ਤੱਕ ਗੁਨਾਹ ਕੀਤਾ ਹੈ - ਕਿਉਂਕਿ ਛੇਤੀ ਤਾਂ ਹਰਪਾਲ ਦੀ ਪਤਨੀ ਬਣਕੇ ਮੈਂ ਆਪਣਾ ਜੋਬਨ ਇਸਨੂੰ ਭੇਟ ਕਰਨਾ ਹੀ ਸੀ — ਇਸ ਤਰ੍ਹਾਂ ਸੁਖਮੀਤ ਆਪਣੇ ਦਿਲ ਨੂੰ ਧਰਵਾਸ ਦਿੰਦੀ। ਪਰ ਅਜੇ ਇੱਥੇ ਹੀ ਬੱਸ ਨਹੀਂ ਸੀ!

ਇੱਕ ਦਿਨ ਹੋਰ ਆਇਆ। ਹਰਪਾਲ ਤੇ ਉਸਦੇ ਸਾਥੀ ਸ਼ਰਾਬੀ ਹੋਕੇ ਉਸਦੇ ਘਰ ਆਏ। ਸੁਖਮੀਤ ਨੇ ਸਤਿਕਾਰ ਵਜੋਂ ਹੱਥ ਜੋੜ ਦਿੱਤੇ ਪਰ ਜ਼ਾਲਮਾਂ ਦੀ ਹਵਸ ਨਸ਼ੇ ਨੇ ਬੇਕਾਬੂ ਕੀਤੀ ਹੋਈ ਸੀ। ਜਿਉਂ ਹੀ ਸੁਖਮੀਤ ਉਨ੍ਹਾਂ ਲਈ ਪਾਣੀ ਲੈਕੇ ਆਈ......... ਇਕ, ਦੋ, ਤਿੰਨ ਹੈਵਾਨ ... ... ਸਾਰੀ ਰਾਤ ਕਲੀ ਨੂੰ ਤੋੜਦੇ ਮਰੋੜਦੇ ਰਹੇ...

ਭੌਰਾ ਏਹੋ ਸੋਚਦਾ ਹੈ ਕਿ ਕਿਸੇ ਵੀ ਤਰ੍ਹਾਂ ਇਕ ਵਾਰੀ ਪਿਆਰ ਦਾ ਵਾਸਤਾ ਪਾਕੇ ਭੋਲੀ ਭਾਲੀ ਕਲੀ ਤੇ ਜਾ ਬੈਠੇ ਤੇ ਰਸ ਚੂਸਦਾ ਰਹੇ, ਚੂਸਦਾ ਰਹੇ ਤੇ ਜਦ ਖ਼ੁਸ਼ਬੋ ਮੁੱਕ ਜਾਵੇ ਤਾਂ ਉੱਡਣ ਲੱਗਾ ਉਸਨੂੰ ਤੋੜਕੇ ਆਪ ਕਿਸੇ ਹੋਰ ਕਲੀ ਤੇ ਜਾ ਬੈਠੇ।

ਅਚਾਨਕ ਅਖ਼ਬਾਰਾਂ ਵਿੱਚ ਖ਼ਬਰ ਛਪੀ ਕਿ ਗਾਇਕਾ ਸੁਖਮੀਤ ਦਾ ਕਤਲ ਹੋ ਗਿਆ - ਕਾਤਲ ਦਾ ਕੋਈ ਪਤਾ ਨਹੀਂ ਲੱਗਾ ਰਾਜ਼ ਆਪਣੀ ਆਖ਼ਰੀ ਰਾਤ ਦੇ ਘੁਸਮੁਸਿਆਂ ਹੀ ਘੁਲ ਗਿਆ। ਇੱਕ ਕਲਾਕਾਰ ਖ਼ਤਮ ਹੋ ਗਿਆ ਆਪਣੀ ਕਲਾਕਾਰੀ ਦਿਖਾਉਣ ਤੋਂ ਪਹਿਲਾਂ!

ਦੂਜੇ ਪਾਸੇ ਹਰਪਾਲ ਦੇ ਗੀਤਾਂ ਨੇ ਇਕ ਹੋਰ ਨਵੀਂ ਕਲਾਕਾਰ ਪੈਦਾ ਕਰ ਦਿੱਤੀ। ਕਿਸੇ ਦਿਨ ਉਹ ਵੀ ਰੇਡੀਓ ਤੇ ਗਾਏਗੀ ਕਿਸੇ ਦਿਨ ਉਸਦੇ ਰੀਕਾਰਡ ਵੀ ਧੜਾ ਧੜ ਵਿਕਣਗੇ...

ਪਰ ਛੇਤੀ ਹੀ ਉਹ ਵੀ ਸੁਖਮੀਤ ਵਾਂਗ ਖ਼ਤਮ ਹੋ ਜਾਏਗੀ........

ਤੇ ਫਿਰ ਕੋਈ ਹੋਰ ਨਵੀਂ ਕਲਾਕਾਰ ਪੈਦਾ ਹੋਵੇਗੀ .... .... ...... ਇਕ ਕਲਾਕਾਰ ਪੈਦਾ ਹੋਵੇਗੀ ਤੇ ਇਕ ਕਲਾਕਾਰ ਖ਼ਤਮ ਹੋਵੇਗੀ.... ਉਸਦੇ ਦਿਲ ਦੀ ਕੋਈ ਕੀਮਤ ਨਹੀਂ ਹੋਵੇਗੀ... ... ਉਸਦੀ ਕਲਾਕਾਰੀ ਦੀ ਕੋਈ ਕੀਮਤ ਨਹੀਂ ਹੋਵੇਗੀ... ਕੀਮਤ ਹੋਵੇਗੀ ਤਾਂ ਸਿਰਫ਼ ਉਸਦੀ ਸੁੰਦਰਤਾ ਦੀ... ... ਸਰੀਰ ਦੀ ਬਣਤਰ ਦੀ ... ... ਉਸਦੀਆਂ ਅਦਾਵਾਂ ਦੀ...... ਉਸਦੇ ਜੋਬਨ ਦੀ ... ... ...

# $ SAVE $

PUT YOUR SAVINGS IN THE RIGHT DIRECTION NOW TO HAVE PEACE OF MIND WITH FINANCIAL SECURITY

## RUPINDER S. AZAD

M. A., B. Ed.

OFFICE : 736-7431

RESIDENCE : 325-9077

of

## SEA BOARD LIFE INSURANCE COMPANY

HEAD OFFICE: 1900-W. BROADWAY

VANCOUVER, B.C., CANADA

LOOK AT THE VARIETY OF SERVICES :-

- LIFE & ACCIDENT SICKNESS INSURANCE
- MORTGAGES & MORTGAGE INSURANCE
- INVESTMENT & SAVING CERTIFICATES
- REGISTERED RETIREMENT SAVINGS PLANS
- WILLS & ESTATE PLANNING
- CHILDERN'S EDUCATIONAL PROGRAMMES

EACH AND EVERY PLAN IS TAILORED TO SUIT YOUR PARTICULAR NEED. SAVE MORE INCOME TAX THIS YEAR ONWARDS.

ਆਓ! ਇਨਕਮ ਟੈਕਸ ਬਚਾਓ!!

ਰੁਪਿੰਦਰ ਸਿੰਘ ਆਜ਼ਾਦ

ਫੋਨ: 736-7431 (O)
325-9077 (R)

# EAST-WEST QUALITY-WEAR

1290-E. 12 (AT KNIGHT ST)
VANCOUVER, B.C.
(PHONE: 8767901)

7220-MAIN (AT 57th)
VANCOUVER, B.C.
(PHONE: 3255414)

We are on the top for latest designs, Colour & Quality in all types of fabrics for Sarees & Suits, Salwar-Qamiz, Shirts, Sweeters, Children Wears, Turbans & many more.

DIRECT IMORTER-EXPORTER, RETAILER & WHOLESALER FROM INDIA, ENGLAND, JAPAN, HONGKONG, TAIWAN, KOREA & OFFICES IN MANY PARTS OF THE WORLD.

*We specialize in everything we sell*

RESIDENT REPRESENTATIVE IN CANADA:

M. S. LAIL

ਵਾਜਬ, ਵਧੀਆ ਤੇ ਘਰੇਲੂ ਲੋੜਾਂ ਲਈ ਤੁਹਾਡੇ, ਖੂਬਸੂਰਤ ਸੂਟ, ਸਾੜ੍ਹੀਆਂ, ਸ਼ਰਟਾਂ, ਸਵੈਟਰ, ਪੱਗਾਂ, ਬੱਚਿਆਂ ਦੇ ਕੱਪੜੇ ਆਦਿ ਖਰੀਦਣ ਸਮੇਂ ਸਿਰਫ਼ ਏਹ ਸਟੋਰਾਂ ਦਾ ਨਾਮ ਯਾਦ ਰੱਖੋ।

ਇੰਨ੍ਹਾਂ ਦਾ ਕੇਵਲ ਨਾਹਰਾ ਹੀ ਨਹੀਂ ਸਗੋਂ ਸਾਬਤ ਹੋ ਚੁੱਕਾ ਹੈ ਕਿ ਕੈਨੇਡਾ ਵਿਚ ਇੰਨ੍ਹਾਂ ਤੋਂ ਸਸਤਾ, ਸੁੰਦਰ ਤੇ ਵਧੀਆ ਕੱਪੜਾ ਤੁਹਾਨੂੰ ਕਿਤੇ ਵੀ ਨਹੀਂ ਮਿਲ ਸਕਦਾ।

ਹਰ ਹਫ਼ਤੇ ਨਵੇਂ ਰੰਗ ਤੇ ਡੀਜ਼ਾਈਨ; ਮਨਪਸੰਦ

ਖੁੱਲ੍ਹਾ-ਡੁੱਲ੍ਹਾ ਕੱਪੜਾ! ਪਰਚੂਨ ਤੇ ਥੋਕ!!

ਅਸੀਂ ਤਾਂ ਸਮਾਜ ਦਾ ਝੰਡਾ ਲੈ ਕੇ ਤੁਰਨ ਵਾਲੇ ਸਿਪਾਹੀ ਹਾਂ ਅਤੇ ਸਾਰੀ ਜ਼ਿੰਦਗੀ ਦੇ ਨਾਲ ਉਚੀ ਨਿਆਰ ਸਾਡੀ ਜ਼ਿੰਦਗੀ ਦਾ ਮਕਸਦ ਹੈ। ਜਿਹੜਾ ਆਦਮੀ ਸੱਚਾ ਕਲਾਕਾਰ ਹੈ, ਉਹ ਸਵਾਰਥੀ ਜ਼ਿੰਦਗੀ ਦਾ ਪ੍ਰੇਮੀ ਨਹੀਂ ਹੋ ਸਕਦਾ।

—'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੀ ਨਿਸ਼ਾਨੀ (ਸਾਹਿੱਤ ਅਤੇ ਕਲਾ ਕਾਨਫ਼ਰੰਸ, 21 ਮਾਰਚ, 1971) ਵਿੱਚੋਂ।

# ਵਤਨੋਂ ਦੂਰ ਸਪਲੀਮੈਂਟ

ਪਾਠਕੋ! ਲੇਖਕੋ!! ਤੇ 'ਵਤਨੋਂ ਦੂਰ' ਦੇ ਸਾਥੀਓ!!! ਨਵੇਂ ਸਾਲ ਤੇ ਦਿਲੀ-ਭਾਵਨਾਵਾਂ ਤੁਹਾਡੇ ਨਾਲ ਸਾਂਝੀਆਂ ਕਰਦੇ ਹਾਂ। ਅਗਲੇ ਸਫ਼ਿਆਂ ਤੇ 'ਵਤਨੋਂ ਦੂਰ' ਦੇ ਮਿਹਨਤਕਸ਼ਾਂ ਦੀਆਂ ਰਚਨਾਵਾਂ ਪੇਸ਼ ਕਰਦਿਆਂ ਤਮੰਨਾ ਹੈ ਕਿ ਸਾਡੇ ਸਾਰਿਆਂ ਦੇ ਲਫ਼ਜ਼ਾਂ 'ਚ ਵੀ ਬੰਗਾਲੀ ਕਵੀ ਸੁਭਾਸ਼ ਮੁਖੋਪਾਧਿਆਏ ਦੀ ਕਵਿਤਾ 'ਇਕ ਅਖ਼ੀਰ' ਦੀਆਂ ਇਨ੍ਹਾਂ ਸਤਰਾਂ ਵਾਂਗ ਜ਼ਿੰਦਗੀ ਰੁਮਕਦੀ ਹੋਵੇ:-

ਮੈਂ ਚਾਹੁੰਦਾ ਹਾਂ
ਮੇਰੇ ਲਫ਼ਜ਼ ਆਪਣੇ ਪੈਰਾਂ ਉਪਰ ਖੜੇ ਹੋਵਣ
ਮੈਂ ਚਾਹੁੰਦਾ ਹਾਂ
ਮੇਰਾ ਪ੍ਰਤੀਬਿੰਬਤ ਅਕਸ
ਆਪਣੀਆਂ ਪਲਕਾਂ ਝਮਕੇ
ਮੈਂ ਚਾਹੁੰਦਾ ਹਾਂ
ਕਿ ਜੰਮੀਆਂ ਹੋਈਆਂ ਤਸਵੀਰਾਂ ਹਿਲਜੁਲ ਕਰਨ

— ਸੁਰਿੰਦਰ ਪੰਜਲ

## ਦਿਲ ਦੀ ਗੱਲ

ਹਰ ਵਸਤੂ ਦੀ ਹੋਂਦ ਵਿੱਚ ਕਲਾ ਹੈ — ਮਹਾਨ ਚਿੱਤ੍ਰਕਾਰ ਪਿਕਾਸੋ ਦੀ ਜ਼ਿੰਦਗੀ ਦਾ ਤੱਤ ਸੀ।

ਸਾਹਿੱਤ, ਕਲਾ ਦਾ ਉਹ ਮਹਾਨ ਰੂਪ ਹੈ ਜਿਸ ਦਾ ਸਦਕਾ ਮਨੁੱਖੀ-ਜੀਵਨ ਨੇ ਹੈਵਾਨੀਅਤ ਤੋਂ ਇਨਸਾਨੀਅਤ ਤੱਕ ਦਾ ਸਫ਼ਰ ਤਹਿ ਕੀਤਾ ਹੈ।

ਕੁਝ ਹਾਲਾਤਾਂ ਵਿੱਚ ਨਿਰਾ ਸੁਹਜ-ਸੁਆਦ ਜਾਂ ਮਨੋਰੰਜਨ ਲਈ ਸਾਹਿੱਤ ਰਚਿਆ ਜਾ ਸਕਦਾ ਹੈ ਪਰ ਜ਼ਿੰਦਗੀ ਦੇ ਯਥਾਰਥ ਤੇ ਭਲਾ ਕੋਈ ਕਾਦਰ ਕਿਵੇਂ ਤ੍ਰਹ ਸਕਦਾ ਹੈ!

ਅਗਲੇ ਸਫ਼ਿਆਂ ਵਿੱਚ ਪੇਸ਼, 'ਵਤਨੋਂ ਦੂਰ ਪ੍ਰਬੰਧਕੀ ਬੋਰਡ' ਦੇ ਮੈਂਬਰਾਂ ਦੀਆਂ ਰਚਨਾਵਾਂ ਵਿੱਚ ਜ਼ਿੰਦਗੀ ਦੀ ਕੁੜੱਤਣ ਵੀ ਹੈ ਤੇ ਦਿਲ-ਲਗੀ ਵੀ!

— ਭੁਪਿੰਦਰ ਧਾਲੀਵਾਲ

## ਨਵੇਂ ਸਾਲ ਦੇ ਨਾਂ

(ਸੁਰਿੰਦਰ ਪੰਜਲ)

ਨਵੇਂ ਸਾਲ!
ਤੈਨੂੰ ਜਨਮ-ਦਿਨ ਮੁਬਾਰਕ ਕਹਾਂ ਕਿ ਨਾਂ?

ਕੱਲ ਜਦ ਪਿਛਲੇ ਸਾਲ ਦੀ ਅਰਥੀ ਉਠੀ
ਮੇਰੀਆਂ ਅੱਖਾਂ 'ਚ ਅੱਥਰੂ ਸਨ
ਅੱਥਰੂਆਂ 'ਚ ਬਹੁਤ ਕੁਝ ਲਿਖਿਆ ਸੀ ਮੇਰੇ ਯਾਰ:

ਉਹ ਮਰ ਗਈ ਲੋਹੜੀ
ਜਦ ਧੂਣੀ ਦੀ ਅੱਗ 'ਚ ਕੁਰਲਾਈਆਂ ਨਵ-ਜੰਮੀਆਂ ਲਾਸ਼ਾਂ
ਉਹ ਬਸੰਤ
ਜਿਸਦੀ ਟਹਿਕ ਤੋਂ ਕਿੰਨੀ ਸੁਹਣੀ ਹੁੰਦੀ ਸੀ
ਕਦੇ ਪੱਤ-ਹੀਣ ਰੁੱਖਾਂ ਦੀ ਰੌਣਕ
ਉਹ ਵਿਸਾਖੀ
ਜਦ ਸਭ ਪਿਆਰਿਆਂ ਨੂੰ ਖਾ ਗਈ ਜ਼ੰਗਾਲ ਖਾਧੀ ਕਿਰਪਾਨ
ਉਹ ਹੋਲੀ
ਜਿਸ ਦਿਨ ਖੇਡੀਗ ਜਿਨੇ ਰੰਗਾਂ 'ਚੋਂ ਮੈਨੂੰ ਆਪਣਾ ਰੰਗ ਨਾ ਲੱਭਾ
ਉਹ ਪੰਦਰਾਂ ਅਗਸਤ
ਜਦ ਘਰਕਦੀ-ਦਿਵਸ ਦੀ ਧੂਮਧਾਮ ਦੀ
ਛਾਤੀ ਪਾੜ ਕੇ ਨਿਕਲੀਆਂ ਕੁਝ ਮਾਸੂਮ ਧਾਹਾਂ
ਉਹ ਦੀਵਾਲੀ
ਜਿਸ ਦਿਨ ਮੈਨੂੰ ਫੁੱਲ-ਪਟਾਕੇ ਵਾਂਗ ਥਾਂ ਥਾਂ ਧੜਕਦੇ ਨੂੰ
ਖਾ ਗਈ ਅਕਾਸ਼ ਚੜ੍ਹਦੀ ਆਤਿਸ਼ਬਾਜ਼ੀ ਦੀ ਟਿੱਚਰ

ਹੋਰ ਵੀ ਕਈ ਜਨਮ-ਦਿਨ, ਮਰਨ-ਦਿਨ
ਲਿਖੇ ਸਨ ਮੇਰੇ ਅੱਥਰੂਆਂ 'ਚ ਨਦੀਆਂ ਵਰਗਿਆ!

ਸੱਚ ਕਹਿਨੈਂ
ਮੇਰੀ ਸਿਉਂਕ-ਖਾਧੀ ਕਲਮ ਨੇ
ਕਿਸੇ ਨੂੰ ਵੀ ਨਾ ਕਹੀ ਕਦੇ ਝੂਠੀ ਮੁਬਾਰਕ

ਹੁਣ ਤੂੰ ਹੀ ਦੱਸ
ਤੈਨੂੰ ਜਨਮ-ਦਿਨ ਮੁਬਾਰਕ ਕਹਾਂ ਕਿ ਨਾਂ?

## ਤੇਰਾ ਖ਼ਤ

(ਭੁਪਿੰਦਰ ਧਾਲੀਵਾਲ)

ਭੋਲੇ ਦੋਸਤ!
ਤੇਰਾ ਖ਼ਤ ਪੜ੍ਹਿਆ ਹੈ -
"ਨਵੇਂ ਸਾਲ ਦੀ ਮੁਬਾਰਕਬਾਦ... ...
ਹਰ ਨਵੇਂ ਦਿਨ ਸੰਗ ਖ਼ੁਸ਼ੀਆਂ ਦਾ ਪੈਗ਼ਾਮ
ਹਰ ਪਲ ਚਿਹਰੇ ਤੇ ਕਲੀਆਂ ਦੀ ਮੁਸਕਾਨ
ਹਰ ਮੰਜ਼ਲ ਦਾ ਪੈਂਡਾ ਫੁੱਲਾਂ ਭਰਿਆ"

ਤੇਰਾ ਖ਼ਤ ਜ਼ਿੰਦਗੀ ਦੇ ਫੁੱਲ ਵਰਗਾ ਹੈ
ਮੇਰੇ ਸ਼ਹਿਰ ਤੋਂ ਤਾਂ ਤੂੰ ਵਾਕਫ਼ ਹੈਂ -
ਜਿੱਥੋਂ ਦਾ ਹਰ ਸੂਰਜ ਗ੍ਰਹਿਣਿਆ
ਚਾਰ ਚੁਫੇਰੇ ਨ੍ਹੇਰਾ ਨ੍ਹੇਰਾ
ਖਾਰਾਂ-ਪੱਛੇ ਪੈਰ ਨੇ ਸਾਡੇ
ਮੰਜ਼ਲ ਕਿਧਰੇ ਦਿਸਦੀ ਨਾਹੀਂ
ਖੋ ਬੈਠੇ ਹਾਂ ਚਿਹਰੇ ਆਪਣੇ
ਸਦਾ-ਬਹਾਰ ਖ਼ਿਜ਼ਾਂ ਹੈ ਛਾਈ
ਫੁੱਲ ਕਲੀਆਂ ਇਕ ਸੁਪਨਾ ਹੀ ਹੈ

ਰਾਤ ਅਜੇ ਇਹ ਬੀਤੀ ਨਹੀਂਓਂ,
ਕਦ ਦਿਨ ਚੜ੍ਹਿਆ ਤੇ ਕਦ ਸਾਲ!

## ਸੁੱਕੇ ਸੋਮੇ

(ਰਮੇਸ਼ ਸਫ਼ਰੀ)

ਕਹਿੰਦੇ ਨੇ
ਕਦੇ ਇੱਥੇ ਦੁੱਧ ਦੀਆਂ ਨਦੀਆਂ ਵਗਦੀਆਂ ਸਨ
ਪਰ ਹੁਣ
ਜਦ ਕੋਈ ਢਿੱਡੋਂ-ਭੁੱਖੀ ਮਾਂ
ਆਪਣੇ ਭੁੱਖੇ ਬੱਚੇ ਨੂੰ
ਦੁੱਧ ਚੁੰਘਾਉਣ ਦੀ ਕੋਸ਼ਿਸ਼ ਕਰਦੀ ਹੈ
ਤਾਂ ਉਸਦੀਆਂ ਸੁੱਕੀਆਂ ਛਾਤੀਆਂ 'ਚੋਂ
ਦੁੱਧ ਦੀ ਥਾਂ ਲਹੂ ਵਗਦਾ ਹੈ।

## ਗ਼ਜ਼ਲ

(ਦਿਲਜੀਤ ਤੂਰ)

ਚੱਲ ਪਏ ਜਦੋਂ ਤੇਰਿਆਂ ਸਾਹਾਂ ਦੀ ਗੱਲ।
ਫੇਰ ਸੋਚੇ ਮੇਰੀਆਂ ਆਹਾਂ ਦੀ ਗੱਲ!
ਹਾਲੇ ਤੇਰੇ ਰਾਹਾਂ 'ਚ ਨੇ ਕੰਡੇ ਬੜੇ,
ਕਿਵੇਂ ਸੋਚਾਂ ਆਪਣੇ ਰਾਹਾਂ ਦੀ ਗੱਲ।
ਦੁੱਖ ਵੰਡੇ ਜਿਨ੍ਹਾਂ ਨੇ ਦਿੱਤਾ ਨਾ ਸਾਥ,
ਛੇੜਦੇ ਹੋ ਕਿਉਂ ਉਨ੍ਹਾਂ ਬਾਹਾਂ ਦੀ ਗੱਲ।
ਸਾਗਰਾਂ ਦੇ ਨਾਲ ਨਾ ਬੁਝਦੀ ਪਿਆਸ,
ਉਹ ਤਾਂ ਸੱਚੀ ਜਾਪਦੀ ਮਲਾਹਾਂ ਦੀ ਗੱਲ।
ਕਿਹਾ ਕੁਝ ਇਸ ਤਰਾਂ ਮੈਂ ਇਸ਼ਕ ਦਾ ਕਿੱਸਾ,
ਕਰਦਾ ਹੈ ਕੋਈ ਜਿਸ ਤਰ੍ਹਾਂ ਗੁਨਾਹਾਂ ਦੀ ਗੱਲ।

## ਚੰਨ ਚਾਨਣੀ ਰਾਤ

(ਰਣਜੀਤ ਸਿੱਧੂ)

ਨੀਲੇ ਗਗਨ ਵਿੱਚ ਤਾਰੇ ਟਿਮਟਿਮਾ ਰਹੇ ਨੇ ਚੰਨ ਮੁਸਕਰਾ ਰਿਹਾ ਏ।
ਪੂਰਾ ਏ ਜੋਬਨ ਚੰਨ ਤੇ ਰੂਪ ਉਸਦਾ ਮਾਰ ਠਾਠਾਂ ਰਿਹਾ ਏ।
ਚੱਲ ਰਹੀ ਏ ਮਿੱਠੀ ਮਿੱਠੀ ਹਵਾ ਨਿੰਮ ਦਾ ਇਹ ਦਰੱਖਤ ਗੁਣਗੁਣਾ ਰਿਹਾ ਏ।
ਵਾਤਾਵਰਣ ਹੈ ਸ਼ਾਂਤ ਤੇ ਦਿਲਕਸ਼ - ਕਿ ਹਰ ਆਦਮੀ ਨਸ਼ਿਆ ਰਿਹਾ ਏ।
ਮਿੱਠੀ ੨ ਚਾਨਣੀ ਏ ਚੰਨ ਦੀ, ਸੁਣੋ - ਦੂਰ ਕੋਈ ਗਾ ਰਿਹਾ ਏ।
ਆਪਣੇ ਸੁਰੀਲੇ ਬੋਲਾਂ ਨਾਲ ਉਹ ਫਿਜ਼ਾ ਨੂੰ ਹੋਰ ਵੀ ਮਹਿਕਾ ਰਿਹਾ ਏ।
ਹਾਂ ਮਸਤ ਇਸ ਮਧੁਰ ਨਜ਼ਾਰੇ 'ਚ, ਕੋਈ ਯਾਦ ਮੈਨੂੰ ਆ ਰਿਹਾ ਏ।
ਮੇਰੇ ਦਿਲ ਵਿੱਚ ਸੁੱਤੀ ਪੀੜ ਨੂੰ, ਟੁੰਬ ਟੁੰਬ ਕੇ ਜਗਾ ਰਿਹਾ ਏ।
ਮੇਰੀ ਯਾਦ ਨੂੰ ਮੋੜ, ਬੀਤ ਗਏ ਦੀ ਧੁੰਦ 'ਚ ਲਿਜਾ ਰਿਹਾ ਏ।
'ਤੇਰੇ ਸਾਰੇ ਦੁੱਖ ਰੱਬ ਮੈਨੂੰ ਦੇ ਦੇਵੇ' - ਇਹ ਮੇਰੇ ਮੂੰਹੋਂ ਕਢਾ ਰਿਹਾ ਏ।

## ਉਸ ਦੀ ਯਾਦ

(ਲਾਟ)

ਰੋਜ਼ ਉਸ ਦੀ ਯਾਦ ਆ ਜਾਇਆ ਕਰੇ।
ਮੁਸਕਾਂਦੀ ਆਕੇ ਗਲੇ ਲੱਗ ਜਾਇਆ ਕਰੇ।
ਤੇ ਚੱਕ ਕੇ ਮੈਨੂੰ ਗੂੜ੍ਹੀ ਨੀਂਦਰ 'ਚੋਂ,
ਕਿਸੇ ਹੋਰ ਹੀ ਦੇਸ ਲੈ ਜਾਇਆ ਕਰੇ।
ਮੇਰੇ ਪੁੱਛਣ ਤੇ ਕਿ 'ਕਿੱਥੇ ਲੈ ਚੱਲੀ ਏਂ?'
ਮੂੰਹ ਵਿੱਚ ਹੀ ਕੁਝ ਗੁਣਗੁਣਾਇਆ ਕਰੇ।
ਛੇੜ ਕੇ ਕੋਈ ਬੀਤੇ ਸਮੇਂ ਦੀ ਗੱਲ,
ਆਪ ਰੋਵੇ, ਮੈਨੂੰ ਰੁਆਇਆ ਕਰੇ।
'ਰੋਵੇਂ ਨਾ ਥੋੜ੍ਹੇ' ਇਹ ਦੀ ਹੀ ਤਾਂ ਗੱਲ ਏ'
ਇਹ ਆਪੇ ਹੀ ਧੀਰਜ ਬੰਧਾਇਆ ਕਰੇ।
ਬਿਰਹਾ ਦੇ ਗੀਤਾਂ ਦਾ ਬਣਾ ਕੇ ਇੱਕ ਹਾਰ,
ਗਲ ਮੇਰੇ ਪਾ ਅਲੋਪ ਹੋ ਜਾਇਆ ਕਰੇ।

ਰੋਜ਼ ਉਸਦੀ ਯਾਦ ਆ ਜਾਇਆ ਕਰੇ।
ਮੁਸਕਾਂਦੀ ਆ ਕੇ ਗਲੇ ਲੱਗ ਜਾਇਆ ਕਰੇ।

## ਗ਼ਜ਼ਲ

(ਕਮਲਜੀਤ ਘੁਮਾਣ)

ਕੋਈ ਦਿਹਾੜੇ ਰੰਗਲੇ ਖੁਸ਼ੀਆਂ 'ਚ ਮਾਣਦਾ।
ਜੋਬਨ-ਰੁੱਤੇ ਕਿਓਂ ਮੈਂ ਰੋਗੀਆਂ ਨੂੰ ਛਾਣਦਾ।
ਖੁਰੇ ਨੇ ਮੇਰੇ ਤੜਫਦੇ ਮੰਜ਼ਿਲ ਦੇ ਪਾਹ ਨੂੰ,
ਜੇਕਰ ਕੋਈ ਨਾ ਕਰੇ ਰਸਤਾ ਦਿਖਾਣ ਦਾ।
ਮੈਂ ਉਹਨਾਂ ਸਾਹਾਂ ਤੇ ਉਹ ਤੱਕ ਹਾਂ ਸਹਿਕਦਾ,
ਦਾਅਵਾ ਕੀਤਾ ਸੀ ਜਿਨ੍ਹਾਂ ਉਮਰਾਂ ਲੰਘਾਣਦਾ।
ਲੋਚਦਾ ਸਾਂ ਜਾਮ ਨੈਣਾਂ 'ਚੋਂ ਮੈਂ ਪੀਣ ਲਈ,
ਨਹੀਂ ਭਰੋਸਾ ਮਰਦੇ ਨੂੰ ਪਾਣੀ ਪਿਲਾਣਦਾ।
ਅੰਗਾਰ ਬਣਕੇ ਨਿਕਲਦੇ ਅਰਮਾਨ ਦਿਲ ਵਿਚੋਂ,
ਪੱਥਰ ਬਣ ਕੇ ਰਹਿ ਗਿਆ ਦਰਿਆ ਮੇਰੇ ਤਾਣ ਦਾ।
ਜੋ ਦੂਰੋਂ ਮੈਨੂੰ ਵੇਖ ਰਿਹਾ ਪਲਕਾਂ 'ਚੋਂ ਹੱਸਦਾ,
ਹਾਏ ਨਾ ਅੱਜ ਉਹੋ ਹੀ ਮੈਨੂੰ ਸਿਆਣਦਾ।
ਘੁਣ ਗ਼ਮ ਦਾ ਖਾ ਗਿਆ ਹੱਡਾਂ ਨੂੰ ਹਾਣੀਓ!
ਚੜ੍ਹਕੇ ਡੋਲੀ ਟੁਰ ਗਿਆ ਸੱਜਣ ਜਦ ਹਾਣ ਦਾ।
'ਘੁਮਾਣ' ਦੇ ਗਿਆ ਛਡਾਏ ਮੈਨੂੰ ਮੌਤ 'ਚੋਂ
ਮੰਨਕੇ ਤਰ ਇਸ ਪਾਣੀ-ਪਤਲੇ ਜਹਾਨ ਦਾ।

## ਪ੍ਰੀਤ

(ਗੁਰਚਰਨ ਟੱਲੇਵਾਲੀਆ)

ਰੂਹ ਮੇਰੀ
ਹਰਦਮ ਏਹੋ ਲੋਚਦੀ
ਰਹਾਂ ਸਦਾ ਦੇਸ ਦਾ
ਵੈਰੀਆਂ ਤੋਂ ਸੋਚਦੀ।
ਵੰਗਾਰਦੀ ਅੱਜ ਮੌਤ ਮੈਨੂੰ
ਠਾਠਾਂ ਮਾਰਦੀ ਛੱਲਾਂ ਜਿਵੇਂ
ਤੱਕ ਰਹੀ ਪ੍ਰੀਤ ਮੇਰੀ
ਲੰਘਾਂ ਕਿਵੇਂ ਮੌਤ ਕੋਲੋਂ
ਹਰ ਵਕਤ ਨਾਲ ਮੇਰੇ
ਘੂਰ ਘੂਰ ਵੇਖਦੀ।
ਡਰਨਾ ਕੀ
ਮੌਤ ਕੋਲੋਂ,
ਮੌਤ ਦੇਵੇ ਜ਼ਿੰਦਗੀ
ਆਸ਼ਕਾਂ ਨੂੰ ਲੋੜ ਰਹਿੰਦੀ
ਸਦਾ ਏਸ ਦੀ।

# ਭਾਰਤ ਦੇ ਸੰਪਾਦਕਾਂ ਦੀ ਨਿਗਾਹ ਵਿੱਚ 'ਵਤਨੋਂ ਦੂਰ'

... ਤੁਹਾਡੇ ਉੱਦਮ ਦੀ ਮੈਂ ਸ਼ਲਾਘਾ ਕੀਤੇ ਬਿਨਾਂ ਰਹਿ ਨਹੀਂ ਸਕਦਾ। ਦੇਸ ਤੋਂ ਦੂਰ ਤੇ ਏਨੀ ਲਗਨ! ਕੁਰਬਾਨ ਜਾਂ।

ਦਿੱਲੀ
24.11.73

ਪ੍ਰੀਤਮ ਸਿੰਘ
ਸੰਪਾਦਕ 'ਆਰਸੀ'

... ਕਮਾਲ ਹੈ ਤੇਰੇ ਪਰਚਾ ਕੱਢਣ ਦੇ ਤੇ ਆਫ਼ਰੀਨ ਹੈ ਤੇਰੀ ਪਰਚੇ ਤੇ ਕੀਤੀ ਮਿਹਨਤ ਤੇ। ਮੈਂ ਹੈਰਾਨ ਹਾਂ ਕਿ ਕੈਨੇਡਾ ਵਿਚ ਪੰਜਾਬੀ ਨਾ ਹੋਣ ਤੇ ਵੀ ਤੂੰ ਐਨਾ ਸੋਹਣਾ ਪਰਚਾ ਕਿਵੇਂ ਕੱਢ ਲਿਆ ਜਦੋਂ ਕਿ ਇਧਰ ਪ੍ਰੈਸ ਵੀ ਹਨ। ਪਰਚੇ ਦੀ ਗੈਟ ਅਪ ਤੇ ਮੈਟਰ ਬਹੁਤ ਜ਼ਬਰਦਸਤ ਹੈ।

ਤਪਾ (ਸੰਗਰੂਰ)
4.11.73

ਸੀ. ਮਾਰਕੰਡਾ
ਸੰਪਾਦਕ 'ਕਿੰਤੂ'

... 'ਵਤਨੋਂ ਦੂਰ' ਨੂੰ ਪੜ੍ਹਨ, ਵੇਖਣ ਤੇ ਘੋਖਣ ਉਪਰੰਤ ਪਤਾ ਲਗਦਾ ਹੈ ਕਿ ਤੇਰੇ ਅੰਦਰ 'ਕੁਝ' ਹੈ। ਮੈਟਰ ਦੀ ਵੰਨ-ਸੁਵੰਨਤਾ ਪਰਚੇ ਨੂੰ ਸੁਹਜਮਈ ਬਣਾ ਗਈ ਹੈ।... 'ਸੰਕਲਪ' ਵਾਂਗ ਤੁਸੀਂ ਵੀ ਇਕ ਵਤਨ ਦੇ ਕਰੀਬ ਵਿੱਛੜੇ ਹੋਏ ਦੇਸ ਕੌਮ ਨੂੰ ਜੁੜੇ ਹੋ।... ਇਹ 'ਵਤਨੋਂ ਦੂਰ', ਸਾਡੇ ਇਕ ਵਤਨ ਤੋਂ ਦੂਜੇ ਵਤਨ ਦੇ ਫ਼ਾਸਲੇ ਨੂੰ ਘਟਾ ਦੇਵੇਗਾ, ਇਹ ਮੇਰਾ ਵਿਸ਼ਵਾਸ਼ ਹੈ। ... 'ਫੁੱਟਪੋਰ' ਦੇ ਕੁਝ ਅੰਸ਼ 'ਸੰਕਲਪ' ਵਿੱਚ ਵੀ ਛਾਪਾਂਗਾ।

ਲੁਧਿਆਣਾ
....11.1973

ਸ਼ਮਸ਼ੇਰ ਸਿੰਘ ਸੰਧੂ
ਸੰਪਾਦਕ 'ਸੰਕਲਪ'

...ਪੁੱਜੇ ਪੰਜੇ ਪਰਚੇ ਮੈਨੂੰ ਕਾਫ਼ੀ ਪਸੰਦ ਆਏ ਹਨ। ਪਰਮਾਨੈਂਟ ਕਾਲਮਾਂ ਦੀ ਪੱਧਰ ਵੀ ਕਾਫ਼ੀ ਚੰਗੀ ਹੈ।...'ਮੁਹਾਂਦਰਾ' ਭੇਜਦੇ ਰਹਾਂਗੇ।

ਪ੍ਰੀਤਮ ਸਿੰਘ ਰਾਹੀ
ਐਮ.ਏ.(ਪੰਜਾਬੀ, ਹਿੰਦੀ, ਸੰਸਕ੍ਰਿਤ)
ਸੰਪਾਦਕ 'ਮੁਹਾਂਦਰਾ'

ਧਨੌਲਾ
(ਸੰਗਰੂਰ)
30-11-73

ਪੰਜਾਬੀ ਪਤ੍ਰਿਕਾ 'ਵਤਨੋਂ ਦੂਰ' ਨੂੰ
ਸ਼ੁਭ ਇੱਛਾਵਾਂ
ਆਪ ਜੀ ਦੀ
ਨਤਾਸ਼ਾ ਤੋਲਸਤਾਇਆ
17.10.73.
ਵੈਨਕੂਵਰ

---

ਰੂਸ ਦੀ ਪੰਜਾਬੀ ਲੇਖਿਕਾ ਸ੍ਰੀਮਤੀ ਨਤਾਸ਼ਾ ਤੋਲਸਤਾਇਆ ਨੇ 17.10.73 ਨੂੰ ਵੈਨਕੂਵਰ ਵਿੱਚ ਹੋਈ "CANADIAN AUTHORS ASSOCIATION" ਦੀ ਵਿਸ਼ੇਸ਼-ਮੀਟਿੰਗ ਵਿੱਚ 'ਵਤਨੋਂ ਦੂਰ' ਨੂੰ ਸ਼ੁਭ-ਇੱਛਾਵਾਂ ਪੇਸ਼ ਕੀਤੀਆਂ।

ਨਤਾਸ਼ਾ ਤੋਲਸਤਾਇਆ ਨੇ ਕਈ ਪੰਜਾਬੀ ਲੇਖਕਾਂ ਨੂੰ ਰੂਸੀ ਵਿੱਚ ਅਨੁਵਾਦ ਕੀਤਾ ਹੈ ਤੇ ਉਹ ਉਥੇ ਰੂਸ ਵਿਚ ਛਪਦੇ ਪੱਤਰ "ART & LITERATURE" ਦੀ ਚੀਫ਼ ਐਡੀਟਰ ਹੈ। ਉਨ੍ਹਾਂ ਨਾਲ ਰੀਕਾਰਡ ਕੀਤੀ ਇੰਟਰਵਿਊ ਅਸੀਂ ਛੇਤੀ ਹੀ ਪ੍ਰਕਾਸ਼ਿਤ ਕਰਾਂਗੇ।

- ਸੰਪਾਦਕ

ਅਗਲੇ ਚਾਰ ਸਫ਼ਿਆਂ ਵਿੱਚ 'ਵਤਨੋਂ ਦੂਰ ਪ੍ਰਬੰਧਕੀ ਬੋਰਡ' ਦੇ ਦੋ ਕਹਾਣੀਕਾਰਾਂ ਦੀਆਂ ਰਚਨਾਵਾਂ ਹਾਜ਼ਰ ਹਨ।

'ਜੈ ਜਵਾਨ! ਜੈ ਕਿਸਾਨ!!' ਉਸ ਨਿਜ਼ਾਮ ਦੇ ਮੂੰਹ ਤੇ ਕਰਾਰੀ ਚਪੇੜ ਹੈ ਜਿਹੜਾ ਲੜਾਈ ਦੀ ਅੱਗ ਵਿਚ ਤਾਂ ਫ਼ੌਜੀਆਂ ਨੂੰ ਝੋਕੀ ਰਖਦਾ ਹੈ ਤੇ ਆਪ ਸਭ ਦਾ ਖ਼ੂਨ ਪੀ ਪੀ ਨਾਹਰੇ ਮਾਰ ਛੱਡਦਾ ਹੈ.... 'ਸੁਹਣੇ' ਏਹੋ ਨਾਹਰੇ ਤੇ 'ਨਰਕ' ਵਰਗਾ ਕਿਰਦਾਰ!

"ਦੋ ਪੰਜਾਬੀ ਕੈਨੇਡਾ 'ਚ" ਦੋ ਪੰਜਾਬੀਆਂ ਦੀ ਪੰਜਾਬ ਤੇ ਕੈਨੇਡਾ ਦੇ ਸੱਭਿਆਚਾਰਾਂ ਬਾਰੇ ਖੁੱਲ੍ਹੀ ਕੁਮੈਂਟਰੀ ਹੈ — ਨਾ ਅਸੀਂ ਪੰਜਾਬੀ ਹੀ ਰਹਿੰਦੇ ਹਾਂ ਤੇ ਨਾ ਹੀ ਕੈਨੇਡੀਅਨ ਬਣਦੇ ਹਾਂ...

(ਸੰਪਾਦਕ)

# ਜੈ ਜਵਾਨ! ਜੈ ਕਿਸਾਨ!!

(ਤਾਰਾ ਸਿੰਘ ਹੇਅਰ)

"ਆਖ਼ਰ ਆ ਹੀ ਪਹੁੰਚੀ ਭਾਵੇਂ ਪੰਜ ਘੰਟੇ ਲੇਟ ਹੀ ਸਹੀ। ਘਰ ਪਹੁੰਚਣ ਦੀ ਆਸ ਤਾਂ ਹੋ ਹੀ ਗਈ, ਉਹ ਜਾਣੇ ਤੰਗ ਹੋ ਕੇ ਸਹੀ।" ਤੇਜ਼ ਤੇਜ਼ ਕਦਮ ਪੁਟਦੇ ਆ ਰਹੇ ਨਾਇਕ ਕਰਤਾਰ ਨੇ ਆਪਣੇ ਸਾਥੀਆਂ ਨੂੰ ਦਸਿਆ ਤੇ ਨਾਲ ਹੀ ਆਪਣਾ ਸਾਮਾਨ ਠੀਕ ਕਰਨ ਲਗ ਪਿਆ। ਸਾਮਾਨ ਕੀ ਸੀ ਇਕ ਛੋਟਾ ਜਿਹਾ ਬਿਸਤਰਾ ਗਰਾਊਂਡ ਸ਼ੀਟ ਵਿਚ ਲਪੇਟਿਆ ਹੋਇਆ, ਇਕ ਅਣਘੜਤ ਜਿਹਾ ਲੱਕੜ ਦਾ ਬਣਿਆ ਹੋਇਆ ਬਕਸਾ ਤੇ ਇਕ ਛੋਟਾ ਜਿਹਾ ਸਫ਼ਰੀ ਝੋਲਾ। ਇਸ ਦੀ ਬਾਹਰਲੀ ਜੇਬ ਵਿੱਚੋਂ ਇਕ ਛੋਟਾ ਜਿਹਾ ਘਸਮਲਾ ਲਿਫ਼ਾਫ਼ਾ ਕੱਢ ਤੇਹਾਂ ਖੋਲ੍ਹ ਕੇ ਇਕ ਫ਼ੋਟੋ ਕੱਢੀ ਤੇ ਵੇਖਣ ਲਗ ਪਿਆ।

"ਅੱਜ ਕਿੰਨੀ ਤਾਰੀਕ ਹੈ ?" ਉਸ ਆਪਣੇ ਸਾਥੀ ਲਾਂਸਨਾਇਕ ਕੁਲਵੀਰ ਤੋਂ ਪੁਛਿਆ।

"ਸੱਤ" ਕੁਲਵੀਰ ਨੇ ਬਿਨਾਂ ਉਸ ਵਲ ਵੇਖਿਆਂ ਸਾਮਾਨ ਦੇ ਰੁਝੇਵੇਂ ਵਿੱਚੋਂ ਹੀ ਆਖ ਦਿੱਤਾ।

"ਕਿਉਂ ਉਸਤਾਦ ਜੀ ਘਰ ਦੇ ਚਾਅ ਵਿਚ ਤਾਰੀਕਾਂ ਵੀ ਭੁੱਲ ਗਏ ? ਅਜੇ ਸਵੇਰੇ ਤਾਂ ਮੈਂ ਤੁਹਾਨੂੰ ਦਸਿਆ ਸੀ ਕਿ ਅੱਜ ਜਨਵਰੀ ਦੀ ਸੱਤ ਤਾਰੀਕ ਹੈ।" ਬਿੱਕਰ ਬੋਲਿਆ।

"ਜੁਆਨ ਤੈਨੂੰ ਕੀ ਪਤਾ ਏ ਪੂਰੇ ਦੋ ਸਾਲ ਪਿੱਛੋਂ ਘਰ ਨੂੰ ਜਾ ਰਿਹਾ ਹਾਂ। ਐਤਕੀਂ ਜਾ ਕੇ ਆਪਣੇ ਭੋਲੂ ਦੀ ਫਿਰ ਲੋਹੜੀ ਦੇਣੀ ਹੈ। ਪਿਛਲੇ ਸਾਲ ਹਜ਼ਾਰ ਮਿੰਨਤਾਂ ਕਰਨ ਤੇ ਵੀ ਛੁੱਟੀ ਨਹੀਂ ਸੀ ਮਿਲ ਸਕੀ। ਘਰ ਨੂੰ ਚਿੱਠੀ ਪਾ ਦਿੱਤੀ ਸੀ। ਮਸਾਂ ਮਸਾਂ ਮਿੰਨਤਾਂ ਕਰਕੇ ਛੁੱਟੀ ਮਿਲੀ ਹੈ ਐਤਕਾਂ। ਖ਼ੂਬ ਲੋਹੜੀ ਮਨਾਉਣੀ ਹੈ ਐਤਕਾਂ। ਭੋਲੂ ਵੀ ਤਕੜਾਂ ਹੋ ਗਿਆ ਹੋਵੇ ਗਾ। ਉਸ ਦੀ ਮਾਂ ਦੀਆਂ ਡਾਕੀਏ ਦਾ ਰਾਹ ਵੇਖ ਵੇਖ ਕੇ ਅਖਾਂ ਪਕ ਗਈਆਂ ਹੋਣ ਗੀਆਂ। ਪੂਰੇ ਦੋ ਸਾਲ ਪਿੱਛੋਂ ਬਿਕਰਾ ! ਦੋ ਸਾਲ ਜਿਸ ਦੇ ਚੋਵੀ ਮਹੀਨੇ, ਹਰ ਮਹੀਨੇ ਦੇ ਚਾਰ ਹਫ਼ਤੇ, ਹਰ ਹਫ਼ਤੇ ਦੇ ਸੱਤ ਦਿਨ, ਹਰ ਦਿਨ ਦੇ ਚੋਵੀ ਘੰਟੇ, ਹਰ ਘੰਟੇ ਦੇ ਸੱਠ ਮਿੰਟ, ਹਰ ਮਿੰਟ ਦੇ ਸੱਠ ਸੈਕਿੰਡ। ਉਡੀਕ ਦੀਆਂ ਘੜੀਆਂ ਤੈਨੂੰ ਪਤਾ ਹੀ ਹੈ ਕਿੰਨੀਆਂ ਲੰਮੀਆਂ ਹੁੰਦੀਆਂ ਹਨ ਬਿਕਰਾ !" ਕਰਤਾਰ ਨੇ ਫ਼ੋਟੋ ਤੇ ਨਿਗ੍ਹਾ ਜਮਾਂਦੀ ਹੀ ਬਿੱਕਰ ਦੀ ਗੱਲ ਦਾ ਚੰਗਾ ਲੰਮਾ ਜਵਾਬ ਦੇ ਮਾਰਿਆ।

ਅੰਜਾਣਾਂ ਜਿਹੀ ਲੋਚਿਆਂ ਖੜਾ ਹੋ ਕੇ ਬਿੱਕਰ ਨੇ ਫ਼ੋਟੋ ਫੜ ਲਈ ਤੇ ਗਹੁ ਨਾਲ ਵੇਖਣ ਲਗ ਪਿਆ : "ਕਿਉਂ ਓਏ ਤੂੰ ਵੀ ਵੱਡਾ ਹੋ ਕੇ ਫ਼ੌਜ ਵਿਚ ਭਰਤੀ ਹੋਣਾ ਹੈ। ਪਰ ਭਰਤੀ ਹੋਣ ਤੋਂ ਪਹਿਲੋਂ ਮੈਥੋਂ ਜ਼ਰੂਰ ਪੁਛ ਲਈਂ। ਫ਼ੌਜੀ ਨੌਕਰੀ ਵੀ ਕੋਈ ਨੌਕਰੀ ਹੈ ? ਹਰ ਸਮੇਂ ਘਰ ਦਾ ਤਰਸੇਵਾਂ, ਮਾਂ ਬਾਪ, ਭੈਣ ਭਰਾ ਤੇ ਬੱਚਿਆਂ ਤੋਂ ਦੂਰ, ਨਾ ਖਾਣਾ ਆਪਣੀ ਮਰਜ਼ੀ ਦਾ, ਨਾ ਪਹਿਨਣਾ ਆਪਣੀ ਮਰਜ਼ੀ ਦਾ। ਬਸ ਕੰਮ ਹੈ ਭੋਲੂ ਚੋਵੀ ਘੰਟੇ ਤੇ ਬਾਰਾਂ ਮਹੀਨੇ। ਛੁੱਟੀ ਦਾ ਇੱਥੇ ਹੱਕ ਨਹੀਂ, ਖਾਣ ਦਾ ਇਥੇ ਹੱਕ ਨਹੀਂ ਤੇ ਸੌਣ ਦਾ ਇੱਥੇ ਹੱਕ

ਨਹੀਂ। ਬਸ ਕੰਮ ਦਾ ਢੰਗ ਹੈ ਤਦੋਂ ਤੀਕ ਜਦੋਂ ਤੀਕ ਤੁਹਾਡੇ ਜਿਸਮ ਵਿਚ ਸਾਹ ਹੈ। ਤੇ ਫਿਰ...ਤੇ ਫਿਰ ਇਨ ਮੁੱਠ ਟੁੱਕਰ ਰੋਟੀ ਖ਼ਰੀਦਣ ਜੋਗੇ ਪੈਸੇ ਲੈ ਕੇ ਘਰ ਬੈਠ ਜਾਵੋ ਪਿਲਾਨ ਦੇ। ਜ਼ਿੰਦਗੀ ਦਾ ਚੰਗੇਰਾ ਹਿੱਸਾ ਇਸ ਨੂੰ ਦੇ ਕੇ ਬੁੱਢੇ ਵਾਰੇ ਹੱਡ ਕੜਕਾਉਂਦੇ ਡੇਉਢੀ ਫੜ ਕੇ ਘਰ ਨੂੰ ਤੁਰੀ ਚਲੇ ਆਵੋ। ਭੋਲੂ! ਮੈਂ ਸੱਚ ਕਹਿੰਦਾ ਹਾਂ, ਝੂਠ ਨਹੀਂ ਮੰਨਦਾ, ਇਕ ਫ਼ੌਜੀ ਤੇ ਜਾਨਵਰ ਵਿਚ ਕੋਈ ਫ਼ਰਕ ਨਹੀਂ। ਜਾਨਵਰ ਆਪਣਾ ਸ਼ਿਕਾਰ ਢੂੰਡਣ ਲਈ ਰਾਤ ਨੂੰ ਆਪਣਾ ਘੁਰਨਾ ਛਡਦੇ ਹਨ ਤੇ ਫ਼ੌਜੀ ਵੀ ਆਪਣੇ ਦੁਸ਼ਮਣ ਦੀ ਭਾਲ ਵਿਚ ਰਾਤ ਨੂੰ ਹੀ ਨਿਕਲਦੇ ਨੇ। ਜਿਸ ਮਾਨਸ ਦੀ ਹੱਤਿਆ ਕਰਨਾ ਸਭ ਤੋਂ ਹੀ ਵੱਡਾ ਪਾਪ ਗਿਣਿਆ ਜਾਂਦਾ, ਇੱਥੇ ਉਸੇ ਮਾਨਸ ਦੀ ਬਹੁਤੀ ਹਤਿਆ ਕਰਨ ਵਾਲੇ ਨੂੰ ਵੱਡੇ ਤੋਂ ਵੱਡਾ ਤਗਮਾ ਮਿਲਦਾ ਏ। ਮੀਂਹ ਹਨੇਰਾ, ਬਰਫ਼ ਝੱਖੜ ਵਿਚ ਲੋਕਾਈ ਅੰਦਰ ਵੜ ਜਾਂਦੀ ਏ ਪਰ ਅਸੀਂ ਮੋਰਚੇ ਵਿਚ ਰਾਈਫ਼ਲ ਫੜੀ ਦੁਸ਼ਮਣ ਦੀ ਤਾਕ ਵਿਚ ਬੈਠ ਜਾਨੇ ਆਂ ਕਿਉਂਕਿ ਖ਼ਲਕਤ ਦਾ ਆਰਾਮ ਕਰਨ ਦਾ ਸਮਾਂ ਹੀ ਦੁਸ਼ਮਣ ਤੇ ਹਮਲਾ ਕਰਨ ਦਾ ਸਮਾਂ ਹੈ। ਬਰਫ਼ਾਂ ਤੇ ਠੰਢੀਆਂ ਯੱਖ ਹਵਾਵਾਂ ਵਿਚ ਜਿੱਥੇ ਬਨਸਪਤੀ ਵੀ ਜਨਮ ਲੈਣਾ ਪਸੰਦ ਨਹੀਂ ਕਰਦੀ, ਅਸੀਂ ਚਾਰ ਟੁਕੜਿਆਂ ਦੀ ਖ਼ਾਤਿਰ ਤੁਰੇ ਫਿਰਦੇ ਹਾਂ। ਅੱਜ ਛੇ ਦਿਨ ਹੋਏ ਪਲਟਨ 'ਚੋਂ ਚਲਿਆਂ ਨੂੰ। ਨਹਾਉਣ ਦਾ ਪ੍ਰਬੰਧ ਨਹੀਂ, ਖਾਣ ਦਾ ਪ੍ਰਬੰਧ ਨਹੀਂ, ਮਰਦੇ ਮਰਦੇ ਟਰਾਂਜ਼ਿਟ ਕੈਂਪ ਵਿਚ ਅੱਪੜੇ। ਇੱਥੇ ਵੀ ਉਹੀ ਕੰਮ। ਕਿਸੇ ਨਹੀਂ ਪੁਛਿਆ ਤੁਹਾਨੂੰ ਭੁਖ ਲੱਗੀ ਹੋਏ ਗੀ, ਕੁਝ ਖਾ ਲਵੋ। ਤੁਸੀਂ ਨਹਾਤੇ ਨਹੀਂ ਹੋਵੋਂ ਗੇ, ਨਹਾ ਲਵੋ, ਕਪੜੇ ਧੋ ਲਵੋ ਜਾਂ ਥੱਕੇ ਹੋਵੋ ਗੇ, ਆਰਾਮ ਕਰ ਲਵੋ। ਬਸ ਆਉਂਦਿਆਂ ਨੂੰ ਹੀ ਕੰਮ ਤੇ ਤੋਰ ਦਿੱਤਾ। ਅਖੇ ਜਾਓ ਕੈਂਪ-ਕਮਾਂਡੈਂਟ ਮੇਜਰ ਸਾਹਿਬ ਦੇ ਬੰਗਲੇ ਦਾ ਘਾਹ ਵੱਢਣਾ ਹੈ। ਜਿਸ ਤਰ੍ਹਾਂ ਅਸੀਂ ਉਸੇ ਦੇ ਨੌਕਰ ਹਾਂ, ਭਾਰਤ ਸਰਕਾਰ ਦੇ ਨਹੀਂ, ਸਭ ਆਰਾਮ ਤੇ ਐਸ਼ ਇਨ੍ਹਾਂ ਅਫ਼ਸਰਾਂ ਦੇ ਹੀ ਹਿੱਸੇ ਆ ਗਈ ਹੈ।"

"ਓਏ ਕੀ ਬਕੜ-ਵਾਦ ਕਰ ਰਿਹੈਂ। ਸਮਾਨ ਦਾ ਫ਼ਿਕਰ ਕਰੋ। ਗੱਡੀ ਤੇ ਆਈ ਖੜੀ ਹੈ। ਕਿੰਨਾ ਚਿਰ ਹੀ ਹੋ ਗਿਆ ਪਹਿਲੇ ਸਟੇਸ਼ਨ ਤੋਂ ਚਲਿਆਂ। ਸੁਣਿਆ ਏ ਭੀੜ ਵੀ ਬਹੁਤ ਹੈ। ਪਤਾ ਨਹੀਂ ਸਾਰੀ ਦੀ ਸਾਰੀ ਮਿਲਟਰੀ ਇਨੇ ਦਿਨ ਹੀ ਛੁੱਟੀ ਤੇ ਚਲੀ ਜਾਵੇ ਗੀ। ਗੱਡੀ ਤੇ ਪਿੱਛੋਂ ਹੀ ਤੂੜੀ ਆਵੇ ਗੀ। ਫਿਰ ਇੱਥੇ ਵੀ ਤਿਲ ਧਰਨ ਨੂੰ ਥਾਂ ਨਹੀਂ ਹੈ। ਉਸਤਾਦ ਕਰਤਾਰ ਨੂੰ ਜ਼ਰੂਰ ਚੜ੍ਹਾਉਣਾ ਏਂ। ਦੋ ਸਾਲ ਹੋ ਗਏ ਛੁਟੀ ਕਟ ਕੇ ਆਇਆਂ ਨੂੰ। ਜਿਸ ਡੱਬੇ ਵਿਚ ਵੀ ਥਾਂ ਮਿਲੇ, ਸਾਮਾਨ ਸੁੱਟਣ ਦੀ ਕਰੀਂ। ਥਰਡ, ਸੈਕੰਡ, ਫ਼ਸਟ, ਜੋ ਵੀ ਅੱਗੇ ਆਵੇ ਵੇਖਿਆ ਜਾਵੇ ਗਾ।" ਕੁਲਵੀਰ ਨੇ ਇਕ ਤਰ੍ਹਾਂ ਨਾਲ ਉਸ ਨੂੰ ਹੁਕਮ ਹੀ ਦੇ ਦਿੱਤਾ। ਛਟਾ ਛਟ ਉਸਤਾਦ ਨੂੰ ਫੋਟੋ ਫੜਾ ਕੇ ਉਸ ਸਾਮਾਨ ਸਿਰ ਤੇ ਰੱਖਣ ਦੀ ਕੀਤੀ।

ਫੱਟ ਫੱਟ ਕਰਦੀ ਗੱਡੀ ਪਲੇਟ-ਫ਼ਾਰਮ ਤੇ ਆ ਕੇ ਰੁੱਕ ਗਈ। ਸਿਰਾਂ ਤੇ ਟਰੰਕ, ਬਿਸਤਰੇ ਤੇ ਝੋਲੇ ਚੁੱਕੀ ਹਰੀ ਹਰੀ ਵਰਦੀ ਪਾਈ ਇਕ ਧਾੜ ਹੀ ਗੱਡੀ ਵਲ ਉਹ ਨੱਠੀ। ਪਲੇਟ-ਫ਼ਾਰਮ ਤੇ ਜਿਵੇਂ ਘਮਸਾਨ ਮੱਚ ਗਿਆ ਹੋਵੇ। ਗੱਡੀ ਤੇ ਸਵਾਰੀਆਂ ਪਹਿਲੋਂ ਹੀ ਬਾਹਰ ਲਟਕ ਰਹੀਆਂ ਸਨ। ਬਾਹਰ ਦੀਆਂ ਅਸਵਾਰੀਆਂ ਸਮਾਨ ਅੰਦਰ ਧੱਕ ਰਹੀਆਂ ਸਨ ਤੇ ਅੰਦਰਲੀਆਂ ਬਾਹਰ ਨੂੰ। ਕੋਈ ਚਿੱਲਾ ਰਿਹਾ ਸੀ: "ਹਾਏ ਮੇਰਾ ਸਿਰ ਪਾਟ ਗਿਆ।" ਕੋਈ ਲੱਤਾਂ ਦੇ ਦੱਬ ਜਾਣ ਦਾ ਗਿਲਾ ਕਰ ਰਿਹਾ ਸੀ। ਕਿਸੇ ਦਾ ਸਾਹ ਘੁਟਿਆ ਜਾ ਰਿਹਾ ਸੀ। ਪਰ ਫਿਰ ਵੀ ਸਾਮਾਨ ਅੰਦਰ ਧਕਿਆ ਜਾ ਰਿਹਾ ਸੀ ਤੇ ਅੰਦਰੋਂ ਬਾਹਰ। ਕਿਸੇ ਦਾ ਸਾਮਾਨ ਅੰਦਰ ਚਲਾ ਗਿਆ ਤਾਂ ਆਪ ਅੰਦਰ ਜਾਣ ਦੀ ਥਾਂ ਨਹੀਂ ਸੀ।

ਇਸੇ ਤਰ੍ਹਾਂ ਦੀ ਖਿਚਾ-ਖਿਚੀ ਵਿਚ ਗੱਡੀ ਨੇ ਚੱਲਣ ਦਾ ਵਿਸਲ ਦੇ ਦਿੱਤਾ। ਕੁਲਵੀਰ ਤੇ ਬਿੱਕਰ ਨੇ ਸਾਰਾ ਸਾਮਾਨ ਤਾਂ ਅੰਦਰ ਸੁਟ ਦਿੱਤਾ ਪਰ ਚੜ੍ਹਨ ਦਾ ਸੂਤ ਨਾ ਲੱਗਾ। ਹੌਲੀ ਹੌਲੀ ਗੱਡੀ ਨੇ ਰਫ਼ਤਾਰ ਫੜਨੀ ਸ਼ੁਰੂ ਕਰ ਦਿਤੀ। ਜਿੱਥੇ ਕਿਸੇ ਦਾ ਹੱਥ ਪਿਆ, ਪਾ ਕੇ ਗੱਡੀ ਨਾਲ ਲਟਕ ਗਿਆ। ਕਰਤਾਰ ਵੀ ਗਲ ਵਿਚ ਝੋਲਾ ਲਟਕਾਈ ਇਕ ਡੱਬੇ ਦੀ ਸੀਖ ਫੜ ਪਾਇਦਾਨ ਤੇ ਖੜਾ ਹੋ ਗਿਆ। ਅੰਦਰ ਦਰਵਾਜ਼ਾ ਖੁਲ ਕੇ ਹੌਲੀ ਹੌਲੀ ਅੰਦਰ ਜਾਣ ਲੱਗਾ। ਛੋਟੇ ਜਹੇ ਡੱਬੇ ਵਿਚ ਜਿਉਂ ਹੀ ਉਸ ਦਾ ਪਰਛਾਵਾਂ ਅੰਦਰ ਗਿਆ, ਚਿੱਟੇ ਦੁੱਧ ਬਿਸਤਰੇ ਸੀਟਾਂ ਤੇ ਵਿਛਾਈ ਲੇਟੇ ਹੋਏ ਇਕ ਜੋੜੇ ਨੇ ਦਹਾੜ ਕੇ ਕਿਹਾ, "ਅੰਨ੍ਹਾ ਹੋ ਗਿਆ ਹੈਂ? ਦਿਖਾਈ ਨਹੀਂ ਦਿੰਦਾ ਫ਼ਸਟ ਦਾ ਡੱਬਾ ਹੈ?"

ਕਰਤਾਰ ਨੇ ਤਰਲੇ ਮਿੰਨਤਾਂ ਕਰ ਕੇ ਤੇ ਲੇਲ੍ਹੜੀਆਂ ਕੱਢ ਕੇ ਕੰਮ ਕੱਢਣਾ ਚਾਹਿਆ। "ਸਾਹਬ ਮੈਂ ਦੋ ਸਾਲ ਪਿਛੋਂ ਛੁੱਟੀ ਜਾ ਰਿਹਾ ਹਾਂ। ਲੋਹੜੀ ਤੇ ਜ਼ਰੂਰ ਪਹੁੰਚਣਾ ਹੈ। ਅਗਲੇ ਸਟੇਸ਼ਨ ਤੋਂ ਡੱਬਾ ਬਦਲ ਲਵਾਂ ਗਾ। ਮਿਹਰਬਾਨੀ ਕਰੋ, ਮੈਂ ਦਰਵਾਜ਼ੇ ਵਿਚ ਹੀ ਖੜਾ ਰਹਾਂ ਗਾ।" ਪਰ ਬਾਬੂ ਨੇ ਇਕ ਨਾ ਸੁਣੀ। ਉਠਿਆ ਤੇ ਧਕ ਕੇ ਦਰਵਾਜ਼ੇ ਵਿੱਚੋਂ ਬਾਹਰ ਕੱਢ ਦਿੱਤਾ। ਫਿਰ ਬੜਬੜਾਉਂਦਾ ਆਪਣੀ ਸੀਟ ਤੇ ਚਲਾ ਗਿਆ: "ਛੁੱਟੀ ਨਹੀਂ ਗਿਆ ਤਾਂ ਕਿਸੇ ਤੇ ਇਹਸਾਨ ਕੀਤਾ ਹੈ?"

ਹਵਾ ਨਾਲ ਝੋਲੇ ਦੀ ਬਾਹਰਲੀ ਜੇਬ 'ਚੋਂ ਭੋਲੂ ਦੀ ਫ਼ੋਟੋ ਬਾਹਰ ਜਾ ਡਿੱਗੀ। ਕਰਤਾਰ ਨੂੰ ਜਾਪਿਆ ਜੀਕਰ ਸਚਮੁਚ ਦਾ ਜੀਉਂਦਾ ਜਾਗਦਾ ਭੋਲੂ ਉਸ ਦੇ ਕੁੱਛੜ 'ਚੋਂ ਡਿਗ ਪਿਆ ਹੋਵੇ ਕਿਉਂਕਿ ਜਦੋਂ ਦੀ ਉਸ ਨੂੰ ਫ਼ੋਟੋ ਆਈ ਸੀ, ਉਹ ਉਸ ਨੂੰ ਜੀਉਂਦਾ ਸੱਚ ਮੁੱਚ ਦਾ ਭੋਲੂ ਸਮਝ ਕੇ ਹੀ ਨਾਲ ਰਖਦਾ ਰਿਹਾ ਸੀ। ਉਸ ਦੇ ਆਪਣੇ ਆਪ ਹੀ ਸੀਖ ਤੋਂ ਹੱਥ ਛੁਟ ਗਏ। ਗੱਡੀ ਰਫ਼ਤਾਰ ਫੜ ਚੁਕੀ ਸੀ। ਉਹ ਬਚਦਾ ਬਚਦਾ ਵੀ ਗੱਡੀ ਦੀ ਲਪੇਟ ਵਿਚ ਆ ਗਿਆ। ਖ਼ੂਨ ਦੀ ਇਕ ਉੱਚੀ ਧਾਰ ਉਠ ਕੇ ਪਾਏਦਾਨ ਦੇ ਉੱਪਰ ਤੀਕ ਪਹੁੰਚ ਗਈ। ਹੌਲੀ ਹੌਲੀ ਗੱਡੀ ਰੁਕ ਗਈ। ਚਿੱਟੇ ਬਿਸਤਰੇ ਵਿਚ ਲਿਪਟਿਆ ਬਾਬੂ ਆਪਣੀ ਪਤਨੀ ਨੂੰ ਕਹਿ ਰਿਹਾ ਸੀ: "ਚੰਗਾ ਹੋਇਆ ਮੁਸੀਬਤ ਗਲੋਂ ਟਲੀ, ਨਹੀਂ ਤੇ ਸਾਰੇ ਰਾਹ ਬੋਰ ਕਰਦੇ ਜਾਣਾ ਸੀ ਉਸ ਪਾਗਲ ਫ਼ੌਜੀ ਨੇ। ਪਰ ਗੱਡੀ ਫਿਰ ਰੁਕ ਗਈ ਏ। ਮੈਂ ਵੇਖ ਕੇ ਆਉਂਦਾ ਹਾਂ।"

"ਕੀ ਅੱਗ ਲੱਗ ਗਈ ਫਿਰ ਇਸ ਨੂੰ।" ਬਾਹਰ ਨਿਕਲਦੇ ਹੋਏ ਬਾਬੂ ਨੇ ਆਖਿਆ। ਤੇ ਉਹ ਹੌਲੀ ਹੌਲੀ ਪਲੇਟ-ਫ਼ਾਰਮ ਵੱਲ ਵਧਿਆ। ਲੋਕਾਂ ਦੇ ਝੁਰਮਟ ਵਿਚ ਕਰਤਾਰ ਉਸ ਨੂੰ ਖ਼ੂਨ ਵਿਚ ਲਥ ਪੱਥ ਹੋਇਆ ਦਿਸਿਆ। ਥੋੜੀ ਦੂਰ ਭੋਲੂ ਦੀ ਫ਼ੋਟੋ ਪਈ ਸੀ ਜਿਸ ਦੇ ਪਾਸ ਕਰਤਾਰ ਦਿਆਂ ਕਟਿਆਂ ਅੰਗਾਂ 'ਚੋਂ ਨਿਕਲ ਰਿਹਾ ਖ਼ੂਨ ਵਹਿ ਰਿਹਾ ਸੀ।

ਸਾਹਮਣੇ ਲੱਗੇ ਹੋਏ ਵੱਡੇ ਫੱਟੇ ਤੇ ਮੋਟੇ ਮੋਟੇ ਅਖਰਾਂ ਵਿਚ ਲਿਖਿਆ ਹੋਇਆ ਸੀ: 'ਜੈ ਜਵਾਨ! ਜੈ ਕਿਸਾਨ!!' ਵਰਦੀਆਂ ਪਾਈ ਜਵਾਨਾਂ ਨਾਲ ਤੂੜੇ ਹੋਏ ਡੱਬਿਆਂ ਵਿੱਚੋਂ ਸਹਿਮੀਆਂ ਆਵਾਜ਼ਾਂ ਆ ਰਹੀਆਂ ਸਨ: "ਕੀ ਹੋਇਆ ਏ?"

# ਦੋ ਪੰਜਾਬੀ ਕੈਨੇਡਾ 'ਚ

(ਜਸਵਿੰਦਰ ਭੰਗੂ)

"ਓਏ ਮੱਖਣ! ਆਹ ਕਿੰਨੀ ਰੌਣਕ ਹੈ ਯਾਰ ਸ਼ਹਿਰ 'ਚ, ਕਿੰਨੇ ਖ਼ੁਸ਼ਹਾਲ ਲੋਕ ਨੇ ਇਸ ਮੁਲਕ ਵਿੱਚ!" ਗੁਲਜ਼ਾਰ ਨੇ ਡਾਊਨ ਟਾਊਨ ਦੀ ਰੌਣਕ ਮਾਣਦਿਆਂ ਮੱਖਣ ਨੂੰ ਕਿਹਾ। ਉਹ ਦੋਵੇਂ ਬਚਪਨ ਦੇ ਲੰਗੋਟੀਏ ਯਾਰ ਸਨ – ਮੱਖਣ ਬੀ. ਏ. ਪਾਸ ਸੀ ਤੇ ਗੁਲਜ਼ਾਰ ਅਨਪੜ੍ਹ। ਮੱਖਣ ਨੂੰ ਕੈਨੇਡਾ ਆਏ ਤਿੰਨ ਸਾਲ ਹੋ ਗਏ ਸਨ ਤੇ ਪਿਛਲੇ ਮਹੀਨੇ ਉਸਨੇ ਗੁਲਜ਼ਾਰ ਨੂੰ ਵੀ ਸੱਦ ਲਿਆ ਸੀ।

"ਭੈੜਿਆ, ਖ਼ੁਸ਼ਹਾਲ ਕਿਉਂ ਨਾ ਹੋਣ, ਹੱਡ-ਭੰਨਵੀਂ ਮਿਹਨਤ ਕਰਦੇ ਨੇ ਦਿਨ ਰਾਤ; ਡਿਊਟੀ ਨੂੰ ਡਿਊਟੀ ਸਮਝਦੇ ਨੇ; ਤਾਹੀਓਂ ਤਾਂ ਖ਼ੁਸ਼ਹਾਲ ਨੇ!" ਮੱਖਣ ਨੇ ਕਿਹਾ।

"ਜੇ ਕੰਮ ਕਰਨਾ ਆਪਣਾ ਫ਼ਰਜ਼ ਨਾ ਸਮਝਣ ਤਾਂ ਭੁੱਖੇ ਨਾ ਮਰ ਜਾਣ ਇਹ ਲੋਕ", ਗੁਲਜ਼ਾਰ ਨੇ ਕਿਹਾ।

"ਭਲਿਆ ਲੋਕਾ, ਸਭ ਕੁਝ ਪੇਟ ਭਰਨ ਲਈ ਕਰਨਾ ਪੈਂਦਾ ਹੈ– ਇਹ ਹਿੰਦੁਸਤਾਨ ਨਹੀਂ ਕਿ ਇੱਕ ਜਣਾ ਕਮਾਉਂਦਾ ਹੈ ਤੇ ਗਿਆਰਾਂ ਜਣੇ ਖਾਣ ਵਾਲੇ ਹੁੰਦੇ ਨੇ।" ਮੱਖਣ ਨੇ ਚੋਟ ਮਾਰੀ।

"ਓ ਯਾਰ ਮੇਰੇ! ਕੁਫ਼ਰ ਨਾ ਬੋਲ, ਹਿੰਦੁਸਤਾਨ ਦੀ ਰੀਸ ਕੀ ਕਰੂ ਕਨੇਡਾ? ਛੱਡ ਯਾਰ ਮੇਰੇ! ਹਿੰਦੁਸਤਾਨ ਹਿੰਦੁਸਤਾਨ ਈ ਆ! ਕਿਆ ਸੁਹਣੀਆਂ ਮਹਿਫ਼ਲਾਂ, ਵਿਆਹ-ਸ਼ਾਦੀਆਂ – ਖ਼ੁਸ਼ੀਆਂ, ਅਸਲੀ ਖ਼ੁਸ਼ੀਆਂ, ਜਿਹੜੇ ਦਗ ਦਗ ਕਰਦੇ – ਦਿਲ ਚਾਹਿਆ, ਸਮੁੰਦਰੋਂ ਡੂੰਘੇ, ਮੇਲਿਆਂ 'ਚ ਦਸਹਿਰੇ 'ਲੋਹੜੀਆਂ ਦੀਆਂ ਰਾਤਾਂ – ਗੁਰੂ ਕਾ ਲੰਗਰ ਆਮ; ਐਸ ਮੁਲਕ 'ਚ ਮੱਖਣਾ ਕੀ ਪਿਆ! ਤੂੰ ਆਪ ਈ ਤਾਂ ਦੱਸਦਾ ਸੀ – ਡਿਊਟੀ ਹੀ ਡਿਊਟੀ – ਸੌਂਣ ਘਰਾਂ ਆਉਂਦਾ, ਉਹ ਵੀ ਕੰਮਬਖ਼ਤ ਦੁਗਾਣ 'ਚ ਪੈ ਜਾਂਦਾ! ਦੋ ਵੀਕਾਂ ਬਾਦ ਪੇ-ਡੇ ਔਂਦੈ ਅੱਧੀਆਂ ਕਿਸ਼ਤਾਂ ਖਿੱਚਕੇ ਲੈ ਜਾਂਦੈ। ਬਾਕੀ ਗਰਾਸਰੀ – ਸੱਚ, ਯਾਰ ਆਹ ਗਰਾਸਰੀ, ਗਰਾਸਰੀ ਲਾ ਛੱਡਦਾਂ ਨਿੱਤ ਤੂੰ – ਏਹ ਕੀ ਬਲਾ ਹੁੰਦੀ ਆ?" ਗੁਲਜ਼ਾਰ ਨੇ ਪੁੱਛਿਆ।

"ਭੈੜਿਆ, ਗਰਾਸਰੀ ਕਹਿੰਦੇ ਨੇ ਖਾਣ ਵਾਲੀਆਂ ਚੀਜ਼ਾਂ ਨੂੰ!"

"ਫਿਰ ਸਿੱਧੀ ਤਰ੍ਹਾਂ ਰੋਟੀ-ਟੁੱਕ ਕਿਉਂ ਨਹੀਂ ਕਹਿੰਦੇ?"

"ਗੁਲਜ਼ਾਰ! ਰੋਟੀ-ਟੁੱਕ ਆਕਵਰਡ ਲਗਦਾ ਆ।"

"ਨਾ ਗੱਲ ਸੁਣ ਯਾਰ ਮੇਰੇ! ਜਦ ਤੂੰ ਬਾਕੀ ਪੰਜਾਬੀ ਬੋਲਦੈਂ, ਏਹ ਕਿਉਂ ਨੀ ਪੰਜਾਬੀ 'ਚ ਬੋਲਦਾ?"

"ਕੀ ਕਰੀਏ ਗੁਲਜ਼ਾਰ! ਜੈਸਾ ਦੇਸ, ਤੈਸਾ ਭੇਸ।"

"ਓਏ ਕੰਜਰ; ਜੈਸਾ ਦੇਸ, ਤੈਸਾ ਭੇਸ ਤਾਂ ਹੈ, ਪਰ ਪੰਜਾਬ ਦਾ ਜੰਮਿਆ, ਪਲਿਆ – ਬਾਪ, ਪੀਤਾ, ਫੇਰ ਵੀ ਪੰਜਾਬੀ ਬੋਲਣਾ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦਾ ਏਂ – ਕਈ ਵਾਰ ਦੇਖਿਐ ਕਈ ਪੰਜਾਬੀਆਂ ਨੂੰ, ਪੰਜਾਬੀ ਨਾਲ ਪੰਜਾਬੀ 'ਚ ਗੱਲ ਕਰਨਾ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦੇ ਨੇ – ਸੌਖੀ ਲੰਗੜੀ ਪੰਜਾਬੀ ਤੇ ਲੰਗੜੀ 'ਗਰੇਜ਼ੀ ਬੋਲਣੀ ਸ਼ੁਰੂ ਕਰ ਦਿੰਦੇ ਨੇ – ਬੱਚਿਆਂ ਨੇ ਤਾਂ ਉਨ੍ਹਾਂ ਕਿਆਂ ਨੇ ਪੰਜਾਬੀ ਕੀ ਬੋਲਣੀ ਆ – ਦੇਖੀਐ, ਉਨ੍ਹਾਂ ਦੇ ਬੱਚਿਆਂ ਦੀ ਭਾਰਤ 'ਚ ਕੀ ਹਾਲਤ ਹੁੰਦੀ ਆ? ਊਜੇ ਬੱਚਿਆਂ ਨੂੰ ਐਂ ਖੜ੍ਹਿਆਂ ਦੇਖਦੇ ਰਹਿੰਦੇ ਨੇ, ਜਿਵੇਂ ਕੰਧ 'ਚ ਲੋੜ ਗੱਡਿਆ ਹੁੰਦੈ। ਮੱਖਣ, ਯਾਰ ਮੇਰੇ, ਚੰਗਾ ਭਲਾ ਬੜਾ ਕਹਿੰਦਾ ਹੁੰਦਾ ਸੀ ਤੂੰ ਬੀ.ਆ. ਕੀਤਾ ਹੋਇਐ – ਮੈਨੂੰ ਤਾਂ ਤੇਰੇ ਕਿਸੇ ਪਾਸੇ ਬੀ.ਆ.ਵਾਲਾ ਨੀ?" ਗੁਲਜ਼ਾਰ ਨਾਲ ਨਾਲ ਉਂਗਲ ਦੇ ਇਸ਼ਾਰੇ ਵੀ ਕਰ ਰਿਹਾ ਸੀ।

"ਬਈ ਭਰਾਵਾ! ਕੀਤਾ ਤਾਂ ਬੀ. ਏ. ਈ ਆ – ਪਰ...... ਲੈ ਬੀ. ਏ. ਦੀ ਸੁਣ ਲੈ ਗੱਲ – ਕੱਲ੍ਹ ਮੈਂ ਗਰੀਨ-ਲੇਨ ਤੇ ਫੱਟੇ ਖਿੱਚ ਰਿਹਾ ਸੀ – ਉਹ ਰੁਲਦੂ ਐ ਨਾਂ, ਜਿਹੜਾ ਮੋਗੇ ਤੋਂ ਆਇਐ – ਪਤੰਦਰ, ਮੈਨੂੰ ਸਾਰੇ ਹੀ ਫੱਟੇ ਛੱਡੀ ਜਾਵੇ। ਪੰਦਰਾਂ ਵੀਹ ਮਿੰਟ ਤਾਂ ਮੈਂ ਫੱਟੇ ਖਿੱਚੀ ਗਿਆ; ਜਦ ਵਿਤੋਂ ਬਾਹਰੇ ਹੋ ਗਏ, ਮੈਂ ਕਿਹਾ – "ਓਏ ਰੁਲਦੂ ਤੂੰ ਆਪਦੇ ਫੱਟੇ ਤਾਂ ਖਿੱਚ – ਤੂੰ ਆਪਦਾ ਨੰਬਰ ਵੀ ਨੀ ਪੜ੍ਹ ਸਕਦਾ?" ਮੈਨੂੰ ਬਣਾ-ਸੁਆਰ ਕੇ ਕਹਿੰਦਾ, 'ਮੱਖਣ ਜੇ ਨੰਬਰ ਪੜ੍ਹਨਾ ਆਉਂਦਾ ਤਾਂ ਫਿਰ ਤੇਰੇ ਨਾਲ ਫੱਟੇ ਖਿੱਚਣੇ ਸੀ – ਹੁਣ ਨੂੰ ਇਨਸਪੈਕਟਰ ਨਾ ਬਣਿਆ ਹੁੰਦਾ'; ਮੈਨੂੰ ਤਾਂ ਉੱਥੇ ਹੀ ਬਰਫ਼ 'ਚ ਲਾ ਦਿੱਤਾ! ਦੱਸ ਗੁਲਜ਼ਾਰ! ਕੀ ਕਰੂ ਬੀ. ਏ. – ਇੱਕ ਤਾਂ ਉਂਞ ਹੀ ਸਾਰੀ ਉਮਰ ਪੜ੍ਹਦਿਆਂ ਦੀਆਂ ਖੁੱਚਾਂ ਰਹਿ ਗਈਆਂ, ਦੂਜਾ ਏਥੇ ਜਿਹੇ ਲੂੰਡਿਆਂ ਨਾਲ ਗਰੀਨ ਲੇਨ ਤੇ ਵਾਹ ਪੈ ਗਿਆ; ਫਿਰ ਗੁਲਜ਼ਾਰ ਇੰਨਾਂ ਲੋਕਾਂ ਵਰਗਾ ਹੀ ਹੋਣਾ ਪੈਂਦਾ ਆ।"

"ਓ ਯਾਰ ਮੇਰੇ! ਪੰਜਾਬੀਆਂ ਦੀਆਂ ਧੁੰਮਾਂ ਸਾਰੇ ਵਰਲਡ 'ਚ ਪਈਆਂ ਨੇ, ਪੰਜਾਬੀ ਜਦੋਂ ਮੁੱਛ ਨੂੰ ਵੱਟ ਦਿੰਦਾ, ਤਾਂ 'ਮਰੀਕਾ ਦੀਆਂ

ਕੰਧਾਂ ਹਿੱਲਣੀਆਂ ਸ਼ੁਰੂ ਹੋ ਜਾਂਦੀਆਂ ਨੇ!"

"ਅੱਛਾ!" ਮੱਖਣ ਰਾਹੁੰਦਾ ਸੀ, ਗੁਲਜ਼ਾਰ ਬੋਲੀ ਚੱਲੇ।

"ਤੈਨੂੰ ਯਾਦ ਆ ਨਾ ਜਦ ਪਿਛਲੀ ਈਦ 'ਮਰੀਕਾ ਗਏ ਸੀ ਆਪਾਂ - ਉੱਥੇ ਨੂਰਪੁਰੀ ਮਿਲ ਪਿਆ, ਮਖਿਆ ਬਈ ਆਹ ਤਾਂ ਕੋਈ ਪੰਜਾਬੀ ਆ ਜਿਹੜਾ ਮੁੱਛਾਂ ਨੂੰ ਵੱਟ ਦੇਈ ਜਾਂਦਾ। ਪਰ ਲਗਦਾ ਨਹੀਂ ਸੀ, ਕਿਉਂਕਿ ਭੂਰੀਆਂ ਭੂਰੀਆਂ ਮੁੱਛਾਂ ਸਨ, ਓਏ ਉਸਨੂੰ ਦੇਖਕੇ ਸਾਰੀ ਕਲੱਬ ਹੀ ਹਿੱਲਣ ਲੱਗ ਪਈ।

"ਗੁਲਜ਼ਾਰ! ਕਲੱਬ ਉਸਦੀਆਂ ਮੁੱਛਾਂ ਨਾਲ ਨੀ ਸੀ ਹਿਲਦੀ, ਤੇਰੇ ਈ ਦੋ ਪੈੱਗ ਲੱਗੇ ਸੀ!" ਮੱਖਣ ਨੇ ਕਿਹਾ।

"ਬਈ ਆਹ ਆ ਗਿਆ ਪੰਜਾਬੀ ਬੋਲਣ ਦਾ ਸੁਆਦ; ਪਰ ਦੁੱਖ ਸਾਲਾ ਇਹ ਆ ਬਈ ਪੰਜਾਬੀ ਲੋਕ, ਪੰਜਾਬੀ ਦੀ ਕੀਮਤ ਨੀਂ ਪਾਉਂਦੇ!"

"ਗੁਲਜ਼ਾਰ ਗੱਲ ਬੜੀ ਅਜੀਬ ਆ - ਪੰਜਾਬੀ, ਯਾਰ ਮੇਰੇ! ਫਿਲਮਾਂ ਇਹ ਹਿੰਦੀ ਦੀਆਂ ਦੇਖਣ ਮੰਗਦੇ ਨੇ, ਗੱਲ ਇਹ ਅੰਗਰੇਜ਼ੀ 'ਚ ਕਰਨਾ ਫ਼ਖ਼ਰ ਸਮਝਦੇ ਹਨ ... ਪਰ ਕਿਤੇ ਕੁਐ-ਕਿਟੀ ਜ਼ਰੂਰ ਹੋਣੀ ਦੇਸ਼ 'ਚ - ਜੇ ਕੋਈ ਲੜਾਈ ਕਰਨੀ ਹੋਵੇ ਤਾਂ ਢੂੰਢਕੇ ਪੈ ਜਾਂਦੇ ਨੇ ਅਗਲੇ ਨੂੰ।"

"ਇਹ ਤਾਂ ਮੈਂ ਅੱਗੇ ਈ ਆਖਿਐ, ਬਈ ਦਾਰੂ ਸ਼ਾਹ ਤਰਦੈ... ਹੋਰ ਗੱਲ ਖੁਸ਼ਾਂ ਦੀ! ਪੰਜਾਬ 'ਚ ਜਦੋਂ ਕੋਈ ਮਿਲਣ ਗਿਲਣ ਵਾਲਾ ਆ ਜੇ, ਖ਼ੁਸ਼ੀ ਚੜ੍ਹ ਜਾਂਦੀ ਹੈ ਲੋਕਾਂ ਨੂੰ - ਪਰ ਐਸ ਮੁਲਕ 'ਚ ਮਾਪੇ ਮਰ ਜਾਂਦੇ ਨੇ - ਬੈੱਡ ਰੂਮਾਂ ਦਾ ਫ਼ਿਕਰ ਪੈ ਜਾਂਦਾ!" ਗੁਲਜ਼ਾਰ ਨੇ ਸਿੱਧੀ ਚੋਟ ਮਾਰੀ।

"ਗੁਲਜ਼ਾਰ ਇਹ ਹੈ ਅਗਾਂਹਵਧੂ ਦੇਸ਼, ਤਰੀਕੇ ਦਾ, ਹਰ ਇੱਕ ਵਾਸਤੇ ਅੱਡ ਅੱਡ ਬੈੱਡ ਰੂਮ ਹੈ ਸੌਣ ਲਈ, ਪਰ ਪੰਜਾਬ ਵਿੱਚ ਇੱਕ ਹੀ ਬੈਠਕ ਵਿੱਚ ਛੱਤੀ ਮੰਜੇ ਡਾਹੇ ਹੁੰਦੇ ਨੇ!"

"ਓ ਯਾਰ ਮੇਰੇ! ਗੱਲ ਤਾਂ ਬਰੋਬਰ ਈ ਆ, ਉੱਥੇ ਇੱਜ਼ਤ ਨਾਲ ਤਾਂ ਪਈਦਾ ਆ ਖੁੱਲ੍ਹੀਆਂ ਬਹਾਰਾਂ 'ਚ, ਇੱਥੇ ਜਾਂ ਤਾਂ ਰਾਹਾਂ ਤੇ ਪੈਣ ਪੈਂਦਾ ਜਾਂ ਥੱਲੇ ਗੱਦੇ ਸੁੱਟਣੇ ਪੈਂਦੇ ਹਨ।"

"ਚੱਲ ਛੱਡ ਯਾਰ ਪਰੇ ਕਬੀਲਦਾਰੀ ਦੀਆਂ ਗੱਲਾਂ, ਚੱਲ! ਚਾਰ ਗਲਾਸ ਬੀਅਰ ਦੇ ਪੀਈਏ!"

"ਮੱਖਣ ਪਾਣੀ ਦਾ ਕੀ ਪੀਣੈ, ਚੱਲ ਬੋਤਲ ਹੀ ਲੈਕੇ ਛਕਦੇ ਆਂ!" ਗੁਲਜ਼ਾਰ ਇੱਕ ਦਮ ਮੂਡ ਵਿੱਚ ਆ ਗਿਆ।

"ਨਹੀਂ ਓਏ ਨਹੀਂ! ਬੋਤਲ ਨੀ ਪੀਣੀ - ਪੁਲਸੀਆ ਮਿਲ ਪਿਆ ਕਾਰ ਚਲਾਉਂਦਿਆਂ ਨੂੰ, ਫ਼ੂਕਾ ਕਰ ਦੂ!" ਮੱਖਣ ਨੇ ਗੁਲਜ਼ਾਰ ਦਾ ਮਜ਼ਾ ਹੀ ਕਿਰਕਿਰਾ ਕਰ ਦਿੱਤਾ ਸੀ।

"ਮਖਿਆ, ਜੇ ਪੁਲਸੀਆ ਮਿਲ ਪਿਆ, ਦੋ ਡਾਲੇ ਦੇ ਦਿਆਂਗੇ!" ਗੁਲਜ਼ਾਰ ਨੇ ਕਿਹਾ।

"ਓਏ ਇਹ ਪੰਜਾਬ ਦੀ ਪੁਲਸ ਨੀ ਹੈ - ਕੈਨੇਡਾ ਦੀ ਐ - ਪਿਛਲੇ ਦਿਨੀਂ ਇੱਕ ਸਾਧਾਰਣ ਪੁਲਸੀਏ ਨੇ ਓਵਰਸਪੀਡ 'ਚ ਜਾਂਦੇ, ਮੈਜਿਸਟਰੇਟ ਨੂੰ ਫੜ ਲਿਆ ਸੀ - ਉਹ ਦੱਸਦੇ ਆ ਟ੍ਰਾਂਸਪੋਰਟ ਮੰਤਰੀ ਸੀ - ਪੁੱਤ ਨੂੰ ਜੁਰਮਾਨੇ ਤੋਂ ਬਿਨਾਂ ਨੀ ਛੱਡਿਆ!"

"ਅੱਛਾ ਮੱਖਣ! ਬੜੀ ਹੈਰਾਨੀ ਦੀ ਗੱਲ ਆ - ਪਰ ਜੇ ਆਪਣੇ ਦੇਸ਼ 'ਚ ਕਿਸੇ ਮੰਤਰੀ ਨਾਲ ਐਸੀ ਤੱਤਬੀਤੀ ਹੋ ਜਾਏ ਤਾਂ ਮੰਤਰੀ, ਸਿਪਾਹੀ ਦਾ ਖ਼ਾਨਦਾਨ ਹੀ ਤਬਾਹ ਕਰ ਦੇਵੇ!" ਗੁਲਜ਼ਾਰ ਨੇ ਕਿਹਾ।

"ਏਥੇ ਤਾਂ ਭਾਈ ਸਾਹਿਬ ਹੰਡਰਡ ਪਰਸੈਂਟ ਤਾਕਤ ਆ ਪੁਲਸ ਦੇ ਹੱਥ 'ਚ!"

"ਓ ਯਾਰ ਮੇਰੇ, ਗੋਲੀ ਮਾਰ ਪੁਲਸ ਦੇ ਕੋਈ ਗੌਣ ਦੋਗਾਣ ਦੀ ਗੱਲ ਕਰ - ਸੱਚ ਆਹ ਜਦ ਆਪਣੇ ਗੌਣ ਵਾਲਿਆਂ ਨੂੰ ਸੁਣਨ ਜਾਂਦੇ ਨੇ, ਭਲਾ ਭੰਗੜਾ ਕਿਉਂ ਪਾਉਂਦੇ ਨੇ।"

"ਓ ਬੇਵਕੂਫ਼, ਨਗਾਰੇ ਤੂੰ ਪੰਜਾਬ 'ਚ ਜੰਮਿਆਂ ਈ ਨਹੀਂ; ਹਰ ਇੱਕ ਪੰਜਾਬੀ ਦੇ ਜੰਮਣ ਦੇ ਨਾਲ ਭੰਗੜਾ-ਗਿੱਧਾ ਜਮ-ਪਲਿਆ ਦੇ ਰਿਹਾ ਹੁੰਦਾ ਹੈ; ਜੇ ਪੰਜਾਬੀ ਭੰਗੜਾ ਨਾ ਪਾਵੇ ਤਾਂ ਉਸਦੇ ਰੋਟੀ ਹਜ਼ਮ ਨੀ ਆਉਂਦੀ।"

ਮੱਖਣ ਨੇ ਵਿਅੰਗ ਨਾਲ ਕਿਹਾ ਤੇ ਉਹ ਦੋਵੇਂ ਬੀਅਰ ਪਾਰਲਰ ਵਿੱਚ ਦਾਖ਼ਲ ਹੋ ਗਏ।

## ਖ਼ਿਮਾਂ

ਇਸ ਅੰਕ ਲਈ ਵਿਸ਼ੇਸ਼ ਬੇਨਤੀ ਕਰਕੇ ਸ੍ਰੀ ਉੱਜਲ ਦੋਸਾਂਝ ਤੋਂ 'ਨਸਲੀ ਵਿਤਕਰੇ' ਬਾਰੇ ਲਿਖਵਾਇਆ ਗਿਆ ਲੇਖ ਅਸੀਂ ਕਈ ਕਾਰਣਾਂ ਕਰਕੇ ਇਸ ਅੰਕ ਦੀ ਥਾਂ ਅਗਲੇ ਅੰਕ ਵਿੱਚ ਛਾਪਾਂਗੇ। ਏਸੇ ਤਰ੍ਹਾਂ ਬਰਨੇਬੀ ਵਿਚ 'ਵਤਨੋਂ ਦੂਰ' ਦੇ ਵਿਸ਼ੇਸ਼ ਪ੍ਰਤੀਨਿਧ ਸ੍ਰੀ ਸੁਖਪਾਲ ਟੱਲੇਵਾਲੀਆ M.A,B.T. ਦਾ ਲੇਖ 'ਵੈਨਕੋਵਰ ਦੀਆਂ ਕੁੜੀਆਂ' ਵੀ ਅਗਲੇ ਕਿਸੇ ਅੰਕ ਵਿੱਚ ਛਾਪਾਂਗੇ। ਅਸੀਂ ਸ੍ਰੀ ਉੱਜਲ ਦੋਸਾਂਝ ਅਤੇ ਸ੍ਰੀ ਸੁਖਪਾਲ ਟੱਲੇਵਾਲੀਆ ਜੀ ਤੋਂ ਖ਼ਿਮਾਂ ਮੰਗਦੇ ਹਾਂ।

ਵਿਸ਼ੇਸ਼ ਵਿਅੰਗ:

# ਫੱਟੀਪੋਚ

ਹਰ ਰਾਸ਼ਟਰੀ, ਅੰਤਰਰਾਸ਼ਟਰੀ, ਦੇਸੀ ਪਰਦੇਸੀ, ਸੱਜਰੇ ਜਾਂ ਬੇਹੇ, ਸਮਾਜਕ, ਰਾਜਨੀਤਕ, ਆਰਥਕ, ਧਾਰਮਕ, ਸਾਹਿੱਤਕ, ਸੱਭਿਆਚਾਰਕ, ਜਾਂ ਵਿਗਿਆਨਕ ਮਸਲੇ ਨਾਲ ਸੰਬੰਧਤ 'ਭੱਦਰ-ਪੁਰਸ਼ਾਂ' ਦੀ ਫੱਟੀ ਪੋਚਣਾ ਮੇਰਾ 'ਜਮਾਂਦਰੂ' ਹੱਕ ਹੈ।

— 'ਫੱਟੀਪੋਚ'

(ਫੱਟੀਪੋਚ ਸੋਚਾਂ ਵਿੱਚ ਗੁਆਚਿਆ ਬੈਠਾ ਹੈ। ਸਿੱਪਰਾ ਭੁੜਕਦਾ ਹੋਇਆ ਆਉਂਦਾ ਹੈ)

ਸਿੱਪਰਾ: (ਬਿਨਾ ਰਾਮ-ਰਮੱਈਆ ਕੀਤਿਆਂ ਇੱਟ ਵਾਂਗੂ ਸਵਾਲ ਮਾਰਦਾ ਹੋਇਆ):- ਉਸਤਾਦ ਜੀ, ਤੁਸੀਂ ਹਮੇਸ਼ਾਂ ਬਾਹਰਲਿਆਂ ਦੀ ਹੀ ਫੱਟੀਪੋਚਦੇ ਰਹਿਣੇ ਓਂ- ਕਦੇ ਆਪਣੀ ਪੀੜ੍ਹੀ ਹੇਠ ਵੀ ਸੋਟਾ ਫੇਰਿਐ?

ਫੱਟੀਪੋਚ: ਕੀ ਮਤਲਬ?

ਸਿੱਪਰਾ: ਮਤਲਬ ਏਹ, ਬਈ ਤੁਸੀਂ ਕੰਨ ਕਰਿਓ ਮਾੜਾ ਜਿਹਾ ਜੀ! ਮੈਨੂੰ ਪਾਇਐ ਅੱਜ ਕਿਸੇ ਨੇ ਸਵਾਲ ਬਈ ਫੱਟੀਪੋਚ ਹਮੇਸ਼ਾਂ ਦੂਜਿਆਂ ਦੀ ਤਾਂ ਫੱਟੀ ਪੋਚਦੈ ਪਰ ਆਵਦੇ, ਯਾਨੀ 'ਵਤਨੋਂ ਦੂਰ' ਦੇ 'ਲੂਣ-ਲਾਵੇ' ਬਾਰੇ ਕਦੇ ਚਾਨਣਾ ਨੀ ਪਾਉਂਦਾ!

ਫੱਟੀਪੋਚ: ਬੱਲੇ ਸਿੱਪਰਿਆ- ਤੇਰੇ ਆਂਗੂ ਸਿੱਧੇ ਸਾਦੇ ਉਹ ਨੇ ਵਿਚਾਰੇ! ਲੈ ਪਹਿਲਾਂ ਤਾਂ ਸੁਣ ਇਕ ਖ਼ਬਰ- 'ਵਤਨੋਂ ਦੂਰ' ਦੇ ਐਡਮਨਿਸਟਰੇਟਿਵ ਐਡੀਟਰ ਕਰਨੈਲ ਮਾਨ ਨੇ ਆਪਣੇ ਨਿੱਜੀ ਰੁਝੇਵਿਆਂ ਕਾਰਨ ਅਸਤੀਫ਼ਾ ਦੇ ਦਿੱਤੈ। ਖੂਹ ਉਹ ਰਚਨਾਤਮਕ ਸਹਿਯੋਗ ਤਾਂ ਪਹਿਲਾਂ ਆਂਗੂ ਹੀ ਦਿੰਦੇ ਰਹਿ-ਹੋਰਦਾਂ; ਪਰ ਮਿਲਣ ਗਿਲਣ ਦੀ ਵਿਹਲ ਘੱਟ ਹੀ ਮਿਲਦੀ ਆ ਉਹਨੂੰ! ਉਹਨੇ ਇੰਨ੍ਹਾਂ ਸਾਰਿਆਂ ਦੇ ਵਿੱਚ ਰਹਿਕੇ ਜੋ ਕੁਝ 'ਵਤਨੋਂ ਦੂਰ' ਦੇ ਸਾਰੇ ਟੱਬਰ ਦੇ ਜੀਆਂ ਬਾਰੇ ਲਿਖਿਐ- ਉਹ ਤੂੰ ਆਪਣੇ ਸਵਾਲ ਦਾ ਉੱਤਰ ਸਮਝ ਲੈ:

ਤਾਰਾ ਸਿੰਘ ਹੇਅਰ : ਰਾਹ-ਨੁਮਾਈ — ਇਕ ਮਿਸਾਲ
ਸੁਰਿੰਦਰ ਧੰਜਲ : ਇਕ ਚਿੰਗਾੜੀ — ਭਾਂਬੜ ਦੀ ਪ੍ਰਤੀਕ
ਭੁਪਿੰਦਰ ਧਾਲੀਵਾਲ : ਸਦਾਬਹਾਰ ਪੱਤਝੜ — ਸੇਧ ਮੰਜ਼ਿਲ ਵੱਲ
ਚਰਨਜੀਤ ਸਿੱਧੂ : ਸੁਹਿਰਦ ਉਲਝਣ — ਸੋਨੇ ਤੇ ਸੁਹਾਗਾ
ਦਿਲਜੀਤ ਤੂਰ : ਹਸਦਾ ਨਾਸੂਰ — ਖ਼ਤਰਨਾਕ ਦਿਲਚਸਪ ਪੈਂਤੜੇ
ਨਿਰਮਲ ਧਾਲੀਵਾਲ : ਖ਼ੁਦਦਾਰ ਕਲਾਮੂਰਤ — ਲਾਲ ਚੂਰਸ
ਜਸਵਿੰਦਰ ਭੰਗੂ : ਪਹੇਲੀ — ਬਾਜ਼ ਤੇ ਘੁੱਗੀ
ਸੁਖਪਾਲ ਟੱਲੇਵਾਲੀਆ : ਸ਼ਾਂਤ — ਮਹਾਂ - ਸਾਗਰ
ਰਮੇਸ਼ ਸਫ਼ਰੀ : ਪੱਛਮ ਵਿੱਚ ਪੂਰਬ ਦੀ ਲਾਲੀ ਦੀ ਲੋਅ
ਲਾਟ ਭਿੰਡਰ : ਇੱਕ ਲਾਟ — ਸੁਲਘਦਾ ਅੰਗਿਆਰ
ਗੁਰਚਰਨ ਟੱਲੇਵਾਲੀਆ : ਆਜ਼ਾਦ ਪੰਛੀ — ਬਿਜਲੀਆਂ ਨਾਲ ਟੱਕਰਾਂ
ਕਰਮਜੀਤ ਧੁਮਾਣ : ਘੁਮਣ ਘੇਰੀਆਂ — ਇੱਕ ਤਰਲਾ
ਹਰਨੇਕ ਮਾਨ, ਜੋਗਿੰਦਰ ਅਣਖ : ਪੰਜਾਬ ਦੇ ਬਾਂਕੇ ਗੱਭਰੂ - ਜਿਉਂਦੀ ਜਾਗਦੀ ਮਿਸਾਲ

ਸਿੱਪਰਾ: ਤੇ ਕਰਨੈਲ ਮਾਨ ਖ਼ੁਦ ਹੈ ਜੀ:- "ਨੰਗੀ ਤਲਵਾਰ — ਕਵੀ ਤੇ ਚਿੱਤਰਕਾਰ"। ਉਸਤਾਦ ਜੀ 'ਵਤਨੋਂ ਦੂਰ' ਦੇ ਚੰਦੇ ਤਾਂ ਚੰਗੇ ਨੇ ਸਾਰੇ ਕੈਨੇਡਾ 'ਚ — ਉਹਨਾਂ ਬਾਰੇ 'ਮਾਨ' ਨੇ ਵਿਨੀਪੈੱਗ, ਪ੍ਰਿੰਸ ਜੌਰਜ, ਕੈਂਬਲ ਰਿਵਰ ਅਤੇ ਕੈਮਲੂਪਸ ਆਦਿਕ ਥਾਵਾਂ ਤੇ ਜਾਕੇ, ਤੇ ਉਨ੍ਹਾਂ ਨੂੰ ਮਿਲਕੇ ਵਿਚਾਰ ਬਣਾਏ ਨੇ?

ਫੱਟੀਪੋਚ: ਸਿੱਪਰਿਆ! ਮੈਨੂੰ ਇੱਕ ਮਰਾਸੀ ਦੀ ਗੱਲ ਯਾਦ ਆ ਗਈ ਜਿਸਨੂੰ ਕਿਸੇ ਨੇ ਛੇਤੀ ਪੁਚਾਈ ਜਾਣ ਵਾਲੀ ਚਿੱਠੀ ਦੇਕੇ ਆਪਣੇ ਰਿਸ਼ਤੇਦਾਰਾਂ ਵੱਲ ਤੋਰਿਆ ਸੀ। ਅਨਪੜ੍ਹ ਮਰਾਸੀ; ਚਿੱਠੀ ਨੂੰ ਐਵੇਂ ਹੀ ਕਾਗ਼ਜ਼ ਦਾ ਟੁਕੜਾ ਸਮਝਕੇ, ਰਾਹ 'ਚ ਆਪਣੇ ਸਾਕ ਸੰਬੰਧੀਆਂ ਨੂੰ ਮਿਲਦਾ ਗਿਲਦਾ; ਦੋ ਹਫ਼ਤੇ ਬਾਅਦ ਟਿਕਾਣੇ ਪੁੱਜਾ ਤਾਂ ਜ਼ਰੂਰੀ ਚਿੱਠੀ ਐਨੀ ਲੇਟ ਦੇਖ ਕੇ ਅਗਲਿਆਂ ਮਰਾਸੀ ਨੂੰ ਛੱਜ ਵਾਂਗੂ ਛੰਡਿਆ। ਬਾਅਦ ਵਿੱਚ ਪੁੱਜੇ ਸੋਚਦਾ ਮਰਾਸੀ ਸੋਚ ਰਿਹਾ ਸੀ ਕਿ ਮੇਰੇ ਲੇਟ ਹੋਣ ਬਾਰੇ ਕਾਗ਼ਜ਼ ਹੀ ਬੋਲਿਆ ਹੈ! ਤੂੰ ਵੀ ਅੱਜ ਤੋਂ ਜਾਣ ਲੈ ਕਿ ਕਾਗ਼ਜ਼ ਸਭ ਕੁਝ ਬੋਲਦੈ — ਯਾਨੀ ਦੂਰ ਬੈਠੇ ਬੰਦਿਆਂ ਦੀਆਂ ਰਚਨਾਵਾਂ ਨੇ ਹੀ ਉਨ੍ਹਾਂ ਬਾਰੇ ਬੋਲ ਦਿੱਤੈ ਸਭ ਕੁਝ — ਸਮਝਿਆ!

(ਇਹ ਸੁਣਕੇ ਸਿੱਪਰਾ ਸਿਰ ਖੁਰਕਣ ਲੱਗ ਪੈਂਦਾ ਹੈ ਜਿਵੇਂ ਸ਼ਬਦ-ਕੋਸ਼ 'ਚੋਂ ਔਖੇ ਸ਼ਬਦਾਂ ਦੇ ਅਰਥ ਲੱਭ ਰਿਹਾ ਹੋਵੇ)

# "ਵਤਨੋਂ ਦੂਰ"

## ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ!

'ਵਤਨੋਂ ਦੂਰ' — ਵਤਨੋਂ ਦੂਰ, ਸਾਡੀ ਮਾਂ ਬੋਲੀ ਪੰਜਾਬੀ ਵਿੱਚ ਛਪਣ ਵਾਲਾ ਮਾਸਕ ਪੱਤਰ ਹੈ।

'ਵਤਨੋਂ ਦੂਰ' — ਨਿਰੋਲ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ ਹੈ ਜਿਹੜਾ ਸਾਹਿੱਤ, ਕਲਾ ਤੇ ਜੀਵਨ ਦੇ ਪ੍ਰਸਪਰ ਸੰਬੰਧਾਂ ਤੇ ਭਰਪੂਰ ਰੋਸ਼ਨੀ ਪਾਉਂਦਾ ਹੈ।

'ਵਤਨੋਂ ਦੂਰ' — ਕੈਨੇਡਾ ਦੇ ਪੰਜਾਬੀ-ਸਾਹਿੱਤ ਵਿਚ ਅਗਾਂਹਵਧੂ, ਨਿੱਗਰ ਤੇ ਸਿਹਤਮੰਦ ਵਿਚਾਰਾਂ ਦਾ ਪਹਿਰੇਦਾਰ ਹੈ।

'ਵਤਨੋਂ ਦੂਰ' — ਹਰ ਤਰ੍ਹਾਂ ਦੀਆਂ ਧੜੇਬੰਦੀਆਂ, ਕੁਹਜੀਆਂ - ਰਾਜਨੀਤਕ ਸਰਗਰਮੀਆਂ ਅਤੇ ਪਿਛਾਂਹਖਿੱਚੂ ਫਿਰਕੂ ਭਾਵਨਾਵਾਂ ਤੋਂ ਨਿਰਲੇਪ ਹੈ।

'ਵਤਨੋਂ ਦੂਰ' — ਕਹਾਣੀਆਂ ਤੇ ਕਵਿਤਾਵਾਂ ਤੋਂ ਬਿਨਾਂ ਹਰ ਮਹੀਨੇ ਛਪਣ ਵਾਲੇ ਚਾਰ ਸਥਾਈ ਕਾਲਮਾਂ ਰਾਹੀਂ ਫਿਲਮਾਂ, ਰੰਗਮੰਚ, ਨਾਵਲ, ਵਿਅੰਗ ਤੇ ਹਾਸਰਸ ਦੇ ਉਸਾਰੂ ਪੱਖਾਂ ਨਾਲ ਤੁਹਾਡੀ ਸਾਂਝ ਪਵਾਉਂਦਾ ਹੈ:

- ਸਾਜ਼ ਅਤੇ ਆਵਾਜ਼ (ਫਿਲਮਾਂ ਤੇ ਰੰਗਮੰਚ)
- ਇਸ ਅੰਕ ਦਾ ਨਾਵਲ (ਨਾਵਲ ਕਾਂਡ)
- ਸੰਜੀਵਨੀ ਬੂਟੀ (ਹਾਸਰਸ)
- ਛੱਟੀਪੋਰ (ਵਿਸ਼ੇਸ਼ ਵਿਅੰਗ)

'ਵਤਨੋਂ ਦੂਰ' — ਇਨ੍ਹਾਂ ਪ੍ਰਸਿੱਧ ਭਾਰਤੀ ਸਟੋਰਾਂ ਤੋਂ ਮਿਲਦਾ ਹੈ:-
ਅਮਬੀਕਾ ਐਂਟਰਪ੍ਰਾਈਜ਼ਜ਼ ਲਿਮਿਟਡ, ਵੈਨਕੋਵਰ
ਇੰਡੀਆ ਇਮਪੋਰੀਅਮ, ਵੈਨਕੋਵਰ
ਈਸਟ ਵੈੱਸਟ ਕੁਆਲਿਟੀ ਵੇਅਰ, ਵੈਨਕੋਵਰ
ਗਿੱਲ ਸੇਲਜ਼, ਵੈਨਕੋਵਰ। ਕੇ ਆਰ ਟੀ ਵੀ, ਵੈਨਕੋਵਰ
ਖ਼ਾਲਸਾ ਇਮਪੋਰੀਅਮ, ਨਿਊ ਵੈੱਸਟਮਿਨਸਟਰ

'ਵਤਨੋਂ ਦੂਰ' — ਸਾਲਾਨਾ ਚੰਦਾ, ਕੈਨੇਡਾ-ਅਮਰੀਕਾ (ਛੇ ਡਾਲਰ) ਜਾਂ ਇੰਗਲੈਂਡ (ਤਿੰਨ ਪੌਂਡ) ਤੁਸੀਂ ਸਿੱਧਾ ਵੀ ਭੇਜ ਸਕਦੇ ਹੋ:-

'ਵਤਨੋਂ ਦੂਰ'
P.O. BOX NO. 1041
COQUITLAM, B.C., CANADA.

TELEPHONE:
874-5403



# DALJIT SIDHU

MEMBER DIAMOND CLUB
having completed sales of Two Millions.

BLOCK BROS. REALTY LTD.
9360-SCOTT ROAD, SURREY

## ਦਲਜੀਤ ਸਿੱਧੂ

ਦਾ ਲੰਬੇ ਸਮੇਂ ਦਾ ਈਮਾਨਦਾਰ ਤਜਰਬਾ ਹਰ ਤਰ੍ਹਾਂ ਦੀ ਰੀਅਲ ਇਸਟੇਟ, ਪਲਾਟ (LOTS), ਘਰ (HOUSES) ਤੇ ਜ਼ਮੀਨ (ACREAGE) ਖਰੀਦਣ ਜਾਂ ਵੇਚਣ ਸਮੇਂ ਤੁਹਾਡੀ ਹਰ ਤਰ੍ਹਾਂ ਦੀ ਮੱਦਦ ਕਰੇਗਾ।

ਟੈਲੀਫ਼ੋਨ:-
ਦਫ਼ਤਰ: 581-4601, ਘਰ: 596-9602
OFF: 581-4601 • RES: 596-9062



# PAREKH JEWELLERS

7211 - MAIN STREET, VANCOUVER.

PHONE:
BUS. 321-6214
RES. 321-1104

SPECIALIZING IN EAST INDIAN
• GOLD •
&
• SILVER •
JEWELRY
& GIFTWARE

# ਓਦੋਂ ਮੇਰੀ ਇੱਜ਼ਤ ਵਧਦੀ ਹੈ

(ਗੁਰਨਾਮ ਸਿੰਘ 'ਤੀਰ')

'ਤੀਰ' ਰਚਿਤ ਪੁਸਤਕ "ਮੈਨੂੰ ਮੈਥੋਂ ਬਚਾਵੋ", ਦੁਨੀਆਂ ਦੇ ਸਾਹਿੱਤ ਵਿੱਚ ਹਾਸਰਸ ਮੋਨੋਲਾਗਾਂ (HUMUROUS MONOLOGUES) ਦੀ ਪਹਿਲੀ ਪੁਸਤਕ ਹੈ। ਉਸੇ ਪੁਸਤਕ ਵਿੱਚੋਂ ਉਨ੍ਹਾਂ ਦੀ ਸੁਲਝੀ ਹੋਈ ਹਾਸ-ਲੇਖਣੀ ਦੀ ਇੱਕ ਵੰਨਗੀ ਪੇਸ਼ ਹੈ।

(ਸੰਪਾਦਕ)

ਜਦੋਂ ਮੈਂ ਕਿਸੇ ਮਲੰਗ ਸਾਥੀ ਕੋਲੋਂ ਪੈਸੇ ਮੰਗਣ ਜਾਵਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਸਾਰੇ ਜਾਣਦੇ ਹਨ ਕਿ ਜਦੋਂ ਮੇਰੇ ਪਾਸ ਪੈਸੇ ਹੁੰਦੇ ਹਨ ਤਾਂ ਮੈਂ ਸੜਕਾਂ ਤੇ ਸੁਟਦਾ ਫਿਰਦਾ ਹੁੰਦਾ ਹਾਂ।

ਜੇ ਮੈਂ ਅੱਜ ਕਿਸੇ ਭੁੱਖੇ ਦੋਸਤ ਕੋਲੋਂ ਦਸ ਰੁਪਏ ਉਧਾਰ ਲੈ ਆਇਆ ਹਾਂ ਤਾਂ ਕਲ੍ਹ ਨੂੰ ਦਸਾਂ ਦੇ ਵੀਹ ਉਸ ਦੀ ਜੇਬ 'ਚ ਪਾ ਆਵਾਂਗਾ।

ਆਪਾਂ ਕਦੇ ਮਾਇਆ ਦਾ ਮੋਹ ਨਹੀਂ ਕੀਤਾ।

ਚਾਚਾ ਜੀ ਕਿਹਾ ਕਰਦੇ ਸਨ, "ਕੁੰਦਨਾਂ ਤੂੰ ਕੁੰਦਨ ਏਂ ਸਮੇਂ ਦੀ ਅੱਗ ਤੋਂ ਨਾ ਡਰਿਆ ਕਰ।

ਬਗੈਰ ਅੱਗਾ ਪਿਛਾ ਵੇਖਣ ਦੇ ਛਾਲ ਮਾਰ ਦਿਆ ਕਰ

ਹੋਲੀ ਹੋਲੀ ਸੱਚ ਮੁੱਚ ਦਾ ਕੁੰਦਨ ਹੋ ਜਾਏਂਗਾ।"

ਏਸ ਲਈ ਮੈਂ ਉਧਾਰ ਮੰਗਣ ਤੋਂ ਰੱਤੀ ਭਰ ਨਹੀਂ ਝਿਜਕਦਾ,

ਮੈਨੂੰ ਪਤਾ ਹੋਵੇ ਸਹੀ ਬਈ ਅਗਲੇ ਦੀ ਜੇਬ 'ਚ ਪੈਸੇ ਹਨ ਫੇਰ ਮੈਨੂੰ ਜੇਬ ਚੋਂ ਮਾਇਆ ਕਢਵਾਉਣੀ ਆਉਂਦੀ ਹੈ।

ਮੈਂ ਉਧਾਰ ਨੂੰ ਮੁਹੱਬਤ ਦੀ ਕੈਂਚੀ ਨਹੀਂ ਸਮਝਦਾ,

ਪੈਸੇ ਤਾਂ ਪੈਸੇ ਮੇਰੇ ਜਦੋਂ ਘਰ 'ਚੋਂ ਆਟਾ ਮੁਕਿਆ ਹੋਵੇ ਮੈਂ ਬੜੀ ਆਨ ਸ਼ਾਨ ਨਾਲ ਆਟਾ ਮੰਗਣ ਚੜ੍ਹ ਜਾਂਦਾ ਹਾਂ।

ਕੋਈ ਗਜਾ ਨਹੀਂ ਕਰਦਾ।

ਮੈਂ ਕੋਈ ਮੰਗਤਾ ਥੋੜੇ ਹਾਂ –

ਵਿਗੜਿਆ ਰਈਸ ਹਾਂ।

ਮੈਂ ਤਾਂ ਆਟਾ ਉਧਾਰ ਲਿਆਉਂਦਾ ਹਾਂ ਉਧਾਰ। ਤੇ ਜਾਂਦਾ ਵੀ ਮੈਂ ਐਸੇ ਘਰੀਂ ਹਾਂ ਜਿਥੇ ਤੀਜੇ ਦਿਨ ਰੋਟੀ ਪਕਦੀ ਹੋਵੇ। ਆਟਾ ਉਧਾਰ ਮੰਗਣ ਨਾਲ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਸਾਰੇ ਜਾਣਦੇ ਹਨ ਕਿ ਜਦੋਂ ਮੈਨੂੰ ਆਪਣੇ ਮੁਰੱਬਿਆਂ 'ਚੋਂ ਕਣਕ ਆਉਂਦੀ ਹੈ ਤਾਂ ਮੈਂ ਲੋਕਾਂ ਦੇ ਘਰੀਂ ਮੱਲੋ ਮੱਲੀ ਬੋਰੀਆਂ ਸੁੱਟ ਆਇਆ ਕਰਦਾ ਹਾਂ।

ਮੈਂ ਰਿੱਝੀ ਪੱਕੀ ਦਾਲ ਭੀ ਮੰਗ ਲਿਆਉਂਦਾ ਹਾਂ।

ਤ ਮੰਗਦਾ ਵੀ ਐਸੇ ਘਰੋਂ ਹਾਂ ਜਿਹੜੇ ਰਾਤ ਨੂੰ ਪਤੀਲਾ ਚੱਟ ਕੇ ਸੌਂਦੇ ਹੋਣ।

ਉਹਨਾਂ ਦੇ ਘਰੋਂ ਦਾਲ ਮੰਗਣ 'ਚ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਇਕ ਆਲਮ ਜਾਣਦਾ ਹੈ ਕਿ ਜਦੋਂ ਮੈਨੂੰ ਆਪਣੇ ਪੋਲਟਰੀ ਫ਼ਾਰਮ ਤੋਂ ਮੁਰਗ਼ੇ ਤੇ ਆਂਡੇ ਆਉਂਦੇ ਹਨ ਤਾਂ ਮੈਂ ਇਹ ਵਸਤਾਂ ਲੋਕਾਂ ਦੇ ਘਰੀਂ ਸੁਟ ਆਉਂਦਾ ਹਾਂ।

ਤੁਹਾਡੇ ਵਰਗਾ ਕੋਈ ਵਿਹਲੜ ਮਹਿਮਾਨ ਆ ਜਾਵੇ ਤਾਂ ਮੈਂ ਮੰਜਾ ਬਿਸਤਰਾ ਮੰਗਣ ਚੜ੍ਹ ਜਾਂਦਾ ਹਾਂ। ਮੈਂ ਐਸੇ ਘਰਾਂ 'ਚੋਂ ਜਾ ਕੇ ਮੰਜਾ ਮੰਗਦਾ ਹਾਂ ਜਿਨ੍ਹਾਂ ਦੇ ਟੁੱਟੀ ਮੰਜੀ ਹੋਣੀ ਵੀ ਨਾ ਮੁਮਕਿਨ ਜਾਪਦੀ ਹੈ

ਉਹ ਮੈਨੂੰ ਮੰਜਾ ਪੈਦਾ ਕਰਕੇ ਦਿੰਦੇ ਹਨ –

ਮੰਜਾ ਬਿਸਤਰਾ ਮੰਗਣ ਨਾਲ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਸਾਰੇ ਜਾਣਦੇ ਹਨ ਕਿ ਮੈਂ ਕਰਤਾਰਪੁਰੋਂ ਪਲੰਘਾਂ ਦਾ ਟਰੱਕ ਮੰਗਵਾਂਦਾ ਹਾਂ ਤਾਂ ਸਾਰੇ ਮੌਹਲੇ ਨੂੰ ਨਿਹਾਲ ਕਰ ਛਡਦਾ ਹਾਂ।

ਜਦੋਂ ਮੈਂ ਕਿਸੇ ਘਟੀਆ ਕਿਸਮ ਦੇ ਸ਼ਰਾਬੀ ਨਾਲ ਬਹਿ ਕੇ ਸ਼ਰਾਬ ਪੀਂਦਾ ਹਾਂ ਤਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਨਸ਼ਾਬੰਦੀ ਵਾਲੇ ਵੀ ਜਾਣਦੇ ਹਨ ਕਿ ਬੇਟ 'ਚੋਂ ਮੈਨੂੰ ਡਰੰਮਾਂ ਦੇ ਡਰੰਮ ਸ਼ਰਾਬ ਦੇ ਆਉਂਦੇ ਹਨ ਤੇ ਮੈਂ ਬੋਤਲਾਂ ਦੀਆਂ ਬੋਤਲਾਂ ਵੰਡ ਸੁਟਦਾ ਹਾਂ — ਮੈਂ ਵੱਡੇ ਵੱਡੇ ਸ਼ੇਖ਼ਾਂ ਦੇ ਮੂੰਹੋਂ ਆਪਣੀ ਤਾਰੀਫ਼ ਸੁਣੀ ਹੈ —

ਜਦੋਂ ਮੈਂ ਸ਼ਰਾਬ ਪੀ ਕੇ ਕਿਸੇ ਨਾਲੀ 'ਚ ਮੂਧੇ ਮੂੰਹ ਡਿੱਗ ਪਵਾਂ ਤਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਸਾਰਾ ਸੰਸਾਰ ਜਾਣਦਾ ਹੈ ਕਿ ਮੈਂ ਅਮਨ ਦਾ ਪੁਜਾਰੀ ਹਾਂ —

ਅਮਨ ਕਾਇਮ ਰਖਣ ਲਈ ਜੇ ਅਪਣੀ ਬੇਇੱਜ਼ਤੀ ਕਰਵਾ ਲਈ ਜਾਵੇ ਤਾਂ ਮਮੂਲੀ ਗੱਲ ਹੁੰਦੀ ਹੈ —

ਐਸੀ ਬੇਇੱਜ਼ਤੀ ਨਾਲ ਮੇਰੀ ਇੱਜ਼ਤ ਵਧਦੀ ਹੈ ਘਟਦੀ ਨਹੀਂ —

ਜਦੋਂ ਮੇਰੇ ਖਿਲਾਫ਼ ਅਖ਼ਬਾਰਾਂ 'ਚ ਖ਼ਬਰਾਂ ਤੇ ਲੇਖ ਛਪਣ ਤੇ ਸਾਰੇ ਰੌਲਾ ਪੈ ਜਾਵੇ ਤਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ ਘਟਦੀ ਨਹੀਂ ਕਿਉਂਕਿ ਦੁਨੀਆਂ ਭਰ ਦੇ ਸ਼ਰੀਫ਼ ਆਦਮੀ ਕੁੰਦਨ ਦੀ ਸ਼ਰਾਫ਼ਤ ਤੋਂ ਵਾਕਫ਼ ਹਨ।

ਜਦੋਂ ਕਿਸੇ ਦੇ ਖ਼ਿਲਾਫ਼ ਲਿਖਾਂ ਤੇ ਅਗਲਾ ਮੇਰੇ ਵਿਰੁਧ ਹੱਤਕ ਇੱਜ਼ਤ ਦਾ ਦਾਅਵਾ ਕਰ ਦੇਵੇ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਸਾਰੇ ਵਕੀਲ ਇਸ ਭੇਦ ਤੋਂ ਵਾਕਫ਼ ਹਨ ਕਿ ਕੁੰਦਨ ਉਸ ਚੀਜ਼ ਨੂੰ ਇੱਜ਼ਤ ਨਹੀਂ ਸਮਝਦਾ ਜਿਸ ਨੂੰ ਲੋਕ ਸਮਝਦੇ ਹਨ ਤੇ ਨਾ ਉਸ ਚੀਜ਼ ਨੂੰ ਬੇਇੱਜ਼ਤੀ ਸਮਝਦਾ ਹਾਂ ਜਿਸ ਨੂੰ ਲੋਕ ਬੇਇੱਜ਼ਤੀ ਸਮਝਦੇ ਹਨ।

ਕੁੰਦਨ ਕੁੰਦਨ ਹੈ ਤੇ ਉਸ ਦੀ ਹਰ ਮੈਦਾਨ ਵਿਚ ਇੱਜ਼ਤ ਵਧਦੀ ਹੀ ਵਧਦੀ ਹੁੰਦੀ ਹੈ ਘਟਦੀ ਨਹੀਂ ਹੁੰਦੀ –

ਜਦੋਂ ਮੇਰੀ ਵਹੁਟੀ ਮੇਰੇ ਨਾਲ ਲੜ ਕੇ ਆਪਣੇ ਪੇਕੀਂ ਚਲੀ ਜਾਵੇ ਤਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਵਹੁਟੀ ਦੇ ਚਲੇ ਜਾਣ ਪਿਛੋਂ ਲੜਾਈ ਮੁੱਕ ਜਾਂਦੀ ਹੈ —

ਉਹ ਲੋਕ ਜਿਹੜੇ ਕੰਧਾਂ ਨਾਲ ਕੰਨ ਲਾ ਲਾ ਵਹੁਟੀ ਦੀਆਂ ਗੱਲਾਂ ਸੁਣਿਆ ਕਰਦੇ ਹਨ ਉਹਨਾਂ ਲਈ ਕਲਚਰਲ ਪ੍ਰੋਗਰਾਮ ਮੁੱਕ ਜਾਂਦਾ ਹੈ।

ਇਸ ਚੁੱਪ ਚਾਪ ਦੇ ਵਾਯੂ ਮੰਡਲ ਵਿਚ ਹਵਾ ਸਾਡੇ ਹੱਕ 'ਚ ਵਗਦੀ ਹੈ।

ਜਦੋਂ ਵਹੁਟੀ ਮੇਰੇ ਤੇ ਖ਼ਰਚੇ ਦਾ ਦਾਅਵਾ ਕਰ ਦੇਵੇ ਤਾਂ ਓਦੋਂ ਮੇਰੀ ਇੱਜ਼ਤ ਹੋਰ ਵਧਦੀ ਹੈ, ਘਟਦੀ ਨਹੀਂ।

ਕਿਉਂਕਿ ਸਾਰੇ ਉਹ ਲੋਕ ਜੋ ਈਮਾਨਦਾਰੀ ਤੇ ਭੁੱਖ ਨੂੰ ਚੰਗਾ ਸਮਝਦੇ ਹਨ ਉਹ ਮੇਰੇ ਨਾਲ ਹੋ ਜਾਂਦੇ ਹਨ —

ਉਹ ਇਸ ਭੇਦ ਨੂੰ ਪਾ ਜਾਂਦੇ ਹਨ ਕਿ ਜੇ ਕੁੰਦਨ ਪਾਸ ਪੈਸਾ ਹੁੰਦਾ ਤਾਂ ਵਹੁਟੀ ਛਡ ਕੇ ਹੀ ਕਿਉਂ ਜਾਂਦੀ, ਏਸ ਲਈ ਇੱਜ਼ਤ ਵਧਦੀ ਹੈ, ਘਟਦੀ ਨਹੀਂ।

ਜਦੋਂ ਮੈਂ ਕਿਸੇ ਕੁੜੀ ਨੂੰ ਪਿਆਰ ਕਰਦਾ ਹਾਂ ਤਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਸ਼ਹਿਰ ਦਾ ਬੱਚਾ ਬੱਚਾ ਜਾਣਦਾ ਹੈ ਕਿ ਸਾਡੀ ਆਸ਼ਕਾਨਾ ਤਬੀਅਤ ਕਦੇ ਕਿਸੇ ਦਾ ਬੁਰਾ ਨਹੀਂ ਕਰਦੀ —

ਕੁਝ ਲੋਕ ਇਹ ਗੱਲ ਵੀ ਜਾਣਦੇ ਹਨ ਕਿ ਰਾਂਝੇ, ਪੁੰਨੂੰ, ਮਿਰਜ਼ੇ ਤੇ ਫ਼ਰਹਾਦ ਹੁਰਾਂ ਦੀਆਂ ਰੂਹਾਂ ਰਾਤ ਨੂੰ ਸਿਰਫ਼ ਸਾਨੂੰ ਹੀ ਦਿਸਦੀਆਂ ਹਨ ਹੋਰ ਕਿਸੇ ਨੂੰ ਨਹੀਂ —

ਜਦੋਂ ਮੈਂ ਨਗਰ ਸਭਾ ਦੀ ਚੋਣ ਵਿਚ ਖੜਾ ਹੋ ਕੇ ਹਾਰਦਾ ਹਾਂ ਤਾਂ ਓਦੋਂ ਮੇਰੀ ਇਜ਼ਤ ਵਧਦੀ ਹੈ, ਘਟਦੀ ਨਹੀਂ —

ਕਿਉਂਕਿ ਸਾਰੇ ਜਾਣਦੇ ਹਨ ਕਿ ਮੇਰਾ ਰੁਤਬਾ ਮਿਉਂਸਪਿਲ ਕਮਿਸ਼ਨਰਾਂ ਨਾਲੋਂ ਕਿਤੇ ਵੱਡਾ ਹੈ। ਦੂਜੀ ਗੱਲ ਇਹ ਕਿ ਮੇਰੀ ਹਾਰ ਇਕ ਤਰ੍ਹਾਂ ਅਸੂਲ ਦੀ ਜਿੱਤ ਸਮਝੀ ਜਾਂਦੀ ਹੈ

ਜੇ ਮੈਂ ਜਿੱਤ ਜਾਂਦਾ ਤਾਂ ਇਹ ਅਸੂਲ ਦੀ ਹਾਰ ਬਰੋਬਰ ਗਿਣੀ ਜਾਣੀ ਸੀ।

ਏਸ ਲਈ ਜਦੋਂ ਮੇਰੀ ਜ਼ਮਾਨਤ ਜ਼ਬਤ ਹੁੰਦੀ ਹੈ ਤਾਂ ਓਦੋਂ ਹੋਰ ਵੀ ਮੇਰੀ ਇੱਜ਼ਤ ਵਧਦੀ ਹੈ ਘਟਦੀ ਨਹੀਂ, ਕਿਉਂਕਿ ਜਨਤਾ ਜਾਣਦੀ ਹੈ ਕਿ ਜ਼ਮਾਨਤ ਜਿੰਨੇ ਪੈਸੇ ਤਾਂ ਮੈਂ ਅੱਖ ਦੇ ਫੋਰ 'ਚ ਇਕੱਠੇ ਕਰ ਸਕਦਾ ਹਾਂ।

ਜਦੋਂ ਕਰਜ਼ਾ ਲੈਣ ਵਾਲੇ ਲੋਕ ਮੇਰੇ ਤੇ ਦਾਅਵਾ ਕਰਦੇ ਹਨ ਤਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ, ਕਿਉਂਕਿ ਅਦਾਲਤਾਂ ਜਾਣਦੀਆਂ ਹਨ ਕਿ ਕੁੰਦਨ ਥੋੜੀ ਕੀਤੇ ਕਚਹਿਰੀ ਨਹੀਂ ਚੜ੍ਹਦਾ।

ਜਦੋਂ ਮੈਂ ਕਿਸੇ ਅਦਾਲਤ ਵਿਚ ਝੂਠੀ ਅਗਵਾਹੀ ਦੇਣ ਜਾਵਾਂ ਓਦੋਂ ਵੀ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਜਾਨਣ ਵਾਲੇ ਜਾਣਦੇ ਹਨ ਕਿ ਮੈਂ ਝੂਠ ਕਿਸੇ ਪਰਉਪਕਾਰ ਕਰਕੇ ਹੀ ਮਾਰਦਾ ਹੋਵਾਂਗਾ, ਸ਼ੁਗਲ ਵਜੋਂ ਨਹੀਂ।

ਜਦੋਂ ਕਿਸੇ ਅਦਾਲਤ 'ਚੋਂ ਮੇਰੇ ਖ਼ਿਲਾਫ਼ ਡਿਗਰੀ ਹੋ ਜਾਂਦੀ ਹੈ ਤਾਂ ਓਦੋਂ ਮੇਰੀ ਇੱਜ਼ਤ ਦਾ ਝੰਡਾ ਹੋਰ ਉੱਚਾ ਹੁੰਦਾ ਹੈ।

ਥੱਲੇ ਨਹੀਂ ਡਿਗਦਾ ਕਿਉਂਕਿ ਕੁਰਕੀਆਂ ਕਰਨ ਵਾਲੇ ਲੋਕ ਜਾਣਦੇ ਹਨ ਕਿ ਮੈਂ ਐਹੋ ਜਿਹੀਆਂ ਡਿਗਰੀਆਂ ਤਾਰਨੀਆਂ ਹੋਣ ਤਾਂ ਮੈਂ ਫੇਰਾ ਲਾਉਂਦਾ ਹਾਂ।

ਜਦੋਂ ਮੈਂ ਜੂਆ ਖੇਡਦਾ ਹੋਇਆ ਹਰ ਚੀਜ਼ ਹਾਰ ਜਾਵਾਂ ਤਾਂ ਓਦੋਂ ਮੇਰੀ ਇੱਜ਼ਤ ਹੋਰ ਵਧਦੀ ਹੈ, ਘਟਦੀ ਨਹੀਂ, ਕਿਉਂਕਿ ਜੁਆਰੀਏ ਵੀ ਜਾਣਦੇ ਹਨ ਕਿ ਮੈਂ ਉਹਨਾਂ ਲਈ ਆਸਾਮੀ ਹਾਂ।

ਮਾਲ ਤਾਰਨ 'ਚ ਦੇਰ ਹੋ ਸਕਦੀ ਹੈ ਹਨੇਰ ਨਹੀਂ ਹੋ ਸਕਦਾ।

ਜਦੋਂ ਮੈਂ ਕਿਸੇ ਦੀ ਅਮਾਨਤ ਵਿਚ ਖ਼ਿਆਨਤ ਕਰਾਂ ਤਾਂ ਓਦੋਂ ਮੇਰੀ ਇੱਜ਼ਤ ਹੋਰ ਵਧਦੀ ਹੈ, ਘਟਦੀ ਨਹੀਂ ਕਿਉਂਕਿ ਸੁਣਨ ਵੇਖਣ ਵਾਲੇ ਤਾੜ ਜਾਂਦੇ ਹਨ ਕਿ ਕੁੰਦਨ ਨੇ ਕਿਸੇ ਖ਼ਾਸ ਕਾਰਨ ਕਰਕੇ ਹੀ ਮਾਲ ਹਜ਼ਮ ਕੀਤਾ ਹੋਣਾ ਹੈ।

ਬਿਨਾਂ ਵਜ੍ਹਾ ਇਹ ਐਸਾ ਨਹੀਂ ਕਰ ਸਕਦਾ।

ਜਦੋਂ ਮੈਨੂੰ ਕਿਸੇ ਜੁਰਮ ਪਿਛੇ ਕੈਦ ਬੋਲ ਜਾਏ ਤਾਂ ਓਦੋਂ ਮੇਰੀ ਇੱਜ਼ਤ ਵਧਦੀ ਹੈ, ਘਟਦੀ ਨਹੀਂ ਕਿਉਂਕਿ ਜੇਲ੍ਹਾਂ ਵਿਚ ਜਣਾ ਖਣਾ ਨਹੀਂ ਜਾ ਸਕਦਾ।

ਜੇਲ੍ਹਾਂ ਵਿਚ ਤਗੜੇ ਗੁਰਦੇ ਵਾਲੇ ਲੋਕ ਹੀ ਜਾ ਸਕਦੇ ਹਨ।

ਬੁਜ਼ਦਿਲ ਸਦਾ ਜੇਲ੍ਹ ਤੋਂ ਨਠਦੇ ਹਨ।

ਸੂਰਮੇ ਦੀ ਹਮੇਸ਼ਾ ਇਕ ਲੱਤ ਜੇਲ੍ਹ ਵਿਚ ਤੇ ਇਕ ਬਾਹਰ ਹੁੰਦੀ ਹੈ।

ਜੇਲ੍ਹ ਯਾਤਰਾ ਨਾਲ ਬੰਦੇ ਦੀ ਸ਼ਖ਼ਸੀਅਤ ਦਾ ਹਮੇਸ਼ਾ ਮੁੱਲ ਵਧਦਾ ਹੈ, ਘਟਦਾ ਬਿਲਕੁਲ ਨਹੀਂ।

ਮੈਂ ਅਮੀਰਾਂ ਤੇ ਅਮੀਰੀ ਨੂੰ ਹੇਚ ਸਮਝਦਾ ਹਾਂ।

ਏਸੇ ਕਰਕੇ ਤਾਂ ਮੈਂ ਉਹਨਾਂ ਦੀ ਕਿਸੇ ਮੌਤ ਵੇਲੇ ਮਕਾਣ ਵੀ ਨਹੀਂ ਜਾਂਦਾ।

ਗ਼ਰੀਬਾਂ ਅਗੇ ਹੱਥ ਅੱਡਣ ਨੂੰ ਮੈਂ ਆਪਣੀ ਸ਼ਾਨ ਸਮਝਦਾ ਹਾਂ,
ਆਪਣੀ ਆਨ ਸਮਝਦਾ ਹਾਂ,
ਆਪਣਾ ਮਾਨ ਸਮਝਦਾ ਹਾਂ,
ਗੌਰਵ ਸਮਝਦਾ ਹਾਂ —

ਹੋਰ ਤਾਂ ਹੋਰ ਉਹਨਾਂ ਲਈ ਵੀ ਉਹ ਭਾਗਾਂ ਵਾਲਾ ਦਿਨ ਹੁੰਦਾ ਹੈ ਜਦੋਂ ਮੈਂ ਕਿਸੇ ਗੱਲ ਪਿਛੇ ਕਿਸੇ ਅਤਿ ਗ਼ਰੀਬ ਬੰਦੇ ਨੂੰ ਜਾ ਕੇ ਉਲਟਾ ਧੰਨਵਾਦੀ ਬਣਾਉਂਦਾ ਹਾਂ ਜਦੋਂ ਗ਼ਰੀਬ ਹੱਸ ਕੇ ਕੋਈ ਚੀਜ਼ ਮੈਨੂੰ ਦਿੰਦਾ ਹੈ ਤਾਂ ਓਦੋਂ ਕੁੰਦਨ ਇੱਜ਼ਤ ਤੇ ਮਾਨ ਨਾਲ ਫੁਲਿਆ ਨਹੀਂ ਸਮਾਉਂਦਾ।

# ਸਾਜ਼ ਅਤੇ ਆਵਾਜ਼

## ਕਾਲਾ ਬਾਪ ਗੋਰਾ ਬਾਪ

(ਮਹੀਪ ਸਿੰਘ)

...ਤੇ ਸ਼ਹਿਨਾਜ਼ ਤੱਕੀ ਥੱਕੀ ਜਿਹੀ ਇੱਕ ਟੱਕ ਵੇਖ ਰਹੀ ਸੀ– ਕਦੀ ਜੂਨਸ ਵੱਲ ਤੇ ਕਦੀ ਜਮੀਲਾ ਵੱਲ। ਫਿਰ ਉਸ ਇਕ ਨਜ਼ਰ ਭਰਕੇ ਜੂਨਸ ਵੱਲ ਵੇਖਿਆ ਤੇ ਜਮੀਲਾ ਨੂੰ ਪੁੱਛਣ ਲੱਗੀ, "ਇਹ ਮੇਰਾ ਬਾਪ ਹੈ?"...

ਫਿਲਮ-ਅਭਿਨੇਤ੍ਰੀਆਂ ਦੇ ਚਮਕ ਦਮਕ ਭਰੇ ਜੀਵਨ ਦੀ ਇਕ ਦੁਖਦਾਈ ਝਾਕ....

**ਜਮੀਲਾ** ਨੇ ਖ਼ਤ ਦੀਆਂ ਚਾਰ ਲਾਈਨਾਂ ਪੜ੍ਹੀਆਂ ਤੇ ਉਸ ਦੇ ਮੂੰਹੋਂ ਅਚਾਨਕ ਨਿਕਲ ਗਿਆ, 'ਵਾਹ'। ਫਿਰ ਇਕ ਬੇਰੁਖ਼ੀ ਤੇ ਲਾਪਰਵਾਹੀ-ਭਰੀ ਮੁਸਕ੍ਰਾਹਟ ਉਸ ਦੇ ਚਿਹਰੇ ਤੇ ਬਿਖਰ ਗਈ ਤੇ ਉਹ ਖ਼ਤ ਪੜ੍ਹਦੀ ਗਈ। ਪੜ੍ਹ ਚੁਕਣ ਤੋਂ ਬਾਅਦ ਕੁਝ ਦੇਰ ਬੈਠੀ ਉਹ ਕੁਝ ਸੋਚਦੀ ਰਹੀ। ਫਿਰ ਕਲਮ ਦੁਆਤ ਚੁਕ ਕੇ ਉਸ ਦਾ ਜੁਆਬ ਲਿਖਣ ਬੈਠ ਗਈ—

''ਸਮਝ ਨਹੀਂ ਆ ਰਹੀ ਕਿ ਤੁਹਾਡੇ ਲਈ ਕੀ ਲਿਖ ਕੇ ਖ਼ਤ ਨੂੰ ਸ਼ੁਰੂ ਕਰਾਂ। ਤੁਸਾਂ 'ਮੇਰੀ ਜਮੀਲਾ' ਲਿਖਿਆ ਹੈ। ਇਕ ਜ਼ਮਾਨਾ ਸੀ ਜਦੋਂ ਤੁਸੀਂ 'ਮੇਰੀ ਜਮੀਲਾ' ਲਿਖਦੇ ਸਉ ਤੇ ਮੈਂ ਜਵਾਬ ਵਿਚ 'ਮੇਰੇ ਸਿਰਤਾਜ' ਲਿਖਦੀ ਸਾਂ। ਪਰ ਅੱਜ 'ਮੇਰੀ ਜਮੀਲਾ' ਲਿਖਣ ਦਾ ਹੱਕ ਨਾ ਤੁਹਾਡੇ ਕੋਲ ਹੈ ਤੇ ਨਾ 'ਮੇਰੇ ਸਿਰਤਾਜ' ਲਿਖਣ ਦਾ ਹੱਕ ਮੇਰੇ ਕੋਲ।

ਖ਼ੈਰ! ਮੈਂ ਬਿਨਾਂ ਕਿਸੇ ਲਕਬ ਦੇ ਇਹ ਖ਼ਤ ਲਿਖ ਰਹੀ ਹਾਂ — ਸਚ ਮੁਚ ਤੁਹਾਡਾ ਖ਼ਤ ਮਿਲਣ ਤੇ ਮੈਂ ਹੈਰਾਨ ਰਹਿ ਗਈ। ਇੰਨੇ ਲੰਮੇ, ਦਸਾਂ ਸਾਲਾਂ ਬਾਅਦ ਤੁਹਾਨੂੰ ਮੇਰੀ ਤੇ ਆਪਣੇ ਬੱਚਿਆਂ ਦੀ ਯਾਦ ਕਿਸ ਤਰ੍ਹਾਂ ਆ ਗਈ? ਲਗਦਾ ਹੈ ਕਿ ਸਕੀਨਾ ਬੀਬੀ ਤੋਂ ਵੀ ਤੁਹਾਡਾ ਦਿਲ ਭਰ ਗਿਆ ਹੈ। ਪਰ ਤੁਹਾਨੂੰ ਕਾਹਦੀ ਫ਼ਿਕਰ ਹੈ। ਹੁਣ ਤੀਸਰੀ ਬੀਵੀ ਲੈ ਆਉ। ਆਖ਼ਰ ਮਰਦ ਹੋ ਨਾ — ਬਿਨਾਂ ਤਿੰਨ ਚਾਰ ਬੀਵੀਆਂ ਰੱਖੇ ਤੁਹਾਡੀ ਮਰਦਾਨਗੀ ਦਾ ਸਬੂਤ ਕਿਸ ਤਰ੍ਹਾਂ ਮਿਲੇਗਾ?

ਤੁਸਾਂ ਲਿਖਿਆ ਹੈ ਕਿ ਤੁਸੀਂ ਇਕ ਵਾਰ ਮੈਨੂੰ ਮਿਲਣਾ ਚਾਹੁੰਦੇ ਹੋ, ਆਪਣੀਆਂ ਲੜਕੀਆਂ ਨੂੰ ਵੇਖਣਾ ਚਾਹੁੰਦੇ ਹੋ। ਮੈਨੂੰ ਇਹਦੇ 'ਚ ਇਤਰਾਜ਼ ਤਾਂ ਕੋਈ ਨਹੀਂ, ਪਰ ਮੈਂ ਸਮਝਦੀ ਹਾਂ ਸਾਨੂੰ ਮਿਲ ਕੇ ਤੁਹਾਨੂੰ ਕੋਈ ਖ਼ੁਸ਼ੀ ਨਹੀਂ ਹੋਵੇਗੀ। ਅੱਜ ਤੋਂ ਦਸ ਸਾਲ ਪਹਿਲਾਂ ਜਿਸ ਹਾਲਤ 'ਚ ਤੁਸੀਂ ਸਾਨੂੰ ਦਿੱਲੀ 'ਚ ਬੇਸਹਾਰਾ ਛੱਡ ਕੇ ਆਪ ਸਕੀਨਾ ਨਾਲ ਐਸ਼ ਦੀ ਜ਼ਿੰਦਗੀ ਬਿਤਾਉਣ ਗਵਾਲੀਅਰ ਚਲੇ ਗਏ ਸਉ, ਅੱਜ ਸਾਡੀ ਹਾਲਤ ਉਸ ਨਾਲੋਂ ਬਹੁਤ ਚੰਗੀ ਹੈ। ਤੁਹਾਡੀ ਸ਼ੀਰੀਂ ਹੁਣ ਸੋਲ੍ਹਾਂ ਸਾਲਾਂ ਦੀ ਇਕ ਖ਼ੂਬਸੂਰਤ ਲੜਕੀ ਹੈ। ਉਹ ਫ਼ਿਲਮਾਂ 'ਚ ਕੰਮ ਕਰਦੀ ਹੈ, ਨੱਚਦੀ ਹੈ, ਗਾਉਂਦੀ ਹੈ, ਤੇ ਪਰਦਾ ਤਾਂ ਬਿਲਕੁਲ ਹੀ ਨਹੀਂ ਕਰਦੀ। ਤੁਸੀਂ ਉਸ ਦਾ ਇਹ ਰੂਪ ਵੇਖ ਕੇ ਘਬਰਾ ਜਾਉਗੇ। ਉਸ ਨੂੰ ਮਿਲਣ ਲਈ ਘਰ 'ਚ ਪਤਾ ਨਹੀਂ ਕਿੰਨੇ ਹੀ ਮਰਦ ਰੋਜ਼ ਆਉਂਦੇ ਨੇ। ਤਰ੍ਹਾਂ ਤਰ੍ਹਾਂ ਦੇ ਪ੍ਰੋਡਿਊਸਰ ਆਪਣੀ ਫ਼ਿਲਮ ਵਿਚ ਕੰਮ ਦੇਣ ਤੋਂ ਪਹਿਲਾਂ ਕਈ ਢੰਗਾਂ ਨਾਲ ਉਸ ਦੇ ਸਰੀਰ ਦੀਆਂ ਗੁਲਾਈਆਂ ਨਾਪਦੇ ਹਨ। ਤੇ ਅਖ਼ਬਾਰ-ਨਵੀਸ ਹਰ ਢੰਗ ਦੀਆਂ ਉਸ ਦੀਆਂ ਫ਼ੋਟੋ ਲਾਹੁੰਦੇ ਨੇ — ਕਿਉਂਕਿ ਇਕ ਫ਼ਿਲਮ ਸਟਾਰ ਦੀ ਪਬਲਿਸਿਟੀ ਲਈ ਇਹ ਸਭ ਬਹੁਤ ਜ਼ਰੂਰੀ ਹੈ? ਕੀ ਤੁਸੀਂ ਇਹ ਸਭ ਕੁਝ ਸਹਿ ਸਕੋਗੇ?



ਤੇ ਹਾਂ, ਸ਼ੀਰੀਂ ਦਾ ਫ਼ਿਲਮੀ ਨਾਂ ਏ ਕਾਮਨੀ ਬੋਸ। ਇਹ ਤਾਂ ਤੁਸੀਂ ਜਾਣਦੇ ਹੀ ਹੋਵੋਗੇ ਕਿ ਫ਼ਿਲਮਾਂ ਵਿਚ ਹਿੰਦੂ ਨਾਂ ਰਖਣ ਦਾ ਰਿਵਾਜ ਹੈ ਤੇ ਹੁਣ ਤਾਂ ਨਾਂ ਦੇ ਨਾਲ ਹਿੰਦੂ ਜ਼ਾਤ ਵੀ ਲਗਾਈ ਜਾਂਦੀ ਹੈ।

ਤੇ ਸ਼ਹਿਨਾਜ਼ ਜਿਸ ਨੂੰ ਤੁਸੀਂ ਦੁਧ ਮੂੰਹੀਂ ਛੱਡ ਗਏ ਸਉ, ਹੁਣ ਗਿਆਰਾਂ ਸਾਲਾਂ ਦੀ ਹੋ ਗਈ ਹੈ। ਸਕੂਲ 'ਚ ਪੜ੍ਹਦੀ ਵੀ ਹੈ ਤੇ ਸਰਜੂ ਮਹਾਰਾਜ ਤੋਂ ਡਾਂਸ ਵੀ ਸਿੱਖਦੀ ਹੈ। ਗੱਲਾਂ ਕਰਨ 'ਚ ਸਭ ਨੂੰ ਮਾਤ ਪਾ ਦਿੰਦੀ ਹੈ। ਦੋ ਚਾਰ ਪਿਕਚਰਾਂ 'ਚ ਛੋਟੇ ਮੋਟੇ ਕੰਮ ਵੀ ਕਰ ਚੁਕੀ ਹੈ। ਲੋਕਾਂ ਦਾ ਕਹਿਣਾ ਹੈ ਕਿ ਇਹ ਇਕ ਚਮਕਦਾ ਹੋਇਆ ਸਿਤਾਰਾ ਬਣੇਗੀ।

ਹਾਂ ਤੇ ਰਹੀ ਮੇਰੀ ਗੱਲ। ਮੈਨੂੰ ਵੇਖ ਕੇ ਤਾਂ ਤੁਸੀਂ ਪਹਿਚਾਨ ਵੀ ਨਹੀਂ ਸਕੋਗੇ। ਤੁਹਾਡੀ ਜਮੀਲਾ ਤਾਂ ਪਰਾਏ ਮਰਦ ਦੀ ਛਾਇਆ ਵੀ ਨਹੀਂ ਸੀ ਵੇਖਦੀ। ਬੁਰਕੇ ਤੋਂ ਬਗ਼ੈਰ ਘਰ ਤੋਂ ਬਾਹਰ ਪੈਰ ਵੀ ਨਹੀਂ ਸੀ ਰੱਖਦੀ। ਤੇ ਮੂੰਹ 'ਚ ਜ਼ਬਾਨ ਹੈ, ਇਹ ਤਾਂ ਤੁਸੀਂ ਵੀ ਨਹੀਂ ਸੀ ਜਾਣਦੇ। ਪਰ ਅੱਜ ਉਹ ਇਸ ਤਰ੍ਹਾਂ ਸ਼ਿੰਗਾਰ ਕਰਦੀ ਹੈ ਕਿ ਉਸ ਦੀ ਢਲਦੀ ਉਮਰ ਵੀ ਧੋਖਾ ਖਾ ਜਾਂਦੀ ਹੈ। ਸ਼ੀਰੀਂ ਦੇ ਨਾਲ ਸਟੂਡੀਓ ਜਾਂਦੀ ਹੈ। ਪਰਦਾ ਉਸ ਲਈ ਗੁਜ਼ਰੇ ਹੋਏ ਜ਼ਮਾਨੇ ਦੀ ਗੱਲ ਹੈ। ਤੁਸੀਂ ਸ਼ਾਇਦ ਇਹ ਨਹੀਂ ਜਾਣਦੇ ਕਿ ਫ਼ਿਲਮ ਲਾਈਨ 'ਚ ਬੜੇ ਬੜੇ ਚਾਲਾਕ ਆਦਮੀ ਹਨ। ਪਰ ਤੁਹਾਡੀ ਬੇਜ਼ੁਬਾਨ ਜਮੀਲਾ ਹੁਣ ਵੱਡੇ ਵੱਡੇ ਚਾਲਾਕ ਪ੍ਰੋਡੀਊਸਰਾਂ ਦੇ ਵੀ ਕੰਨ ਕੱਟ ਲੈਂਦੀ ਹੈ।

ਤੇ ਅਖੀਰ 'ਚ ਤੁਹਾਨੂੰ ਦਸਦੀ ਹਾਂ ਅਨਵਰ ਬਾਰੇ। ਮਾਸੂਮ ਜਮੀਲਾ ਨੂੰ ਜਦੋਂ ਤੁਸੀਂ ਦੁਨੀਆਂ ਦੀਆਂ ਠੋਕਰਾਂ ਖਾਣ ਲਈ ਛੱਡ ਗਏ ਤਾਂ ਇਹੀ ਅਨਵਰ ਉਸ ਦਾ ਸਹਾਰਾ ਬਣਿਆ। ਉਹ ਇਕ ਗੋਰਾ ਖ਼ੂਬਸੂਰਤ ਨੌਜਵਾਨ ਸੀ — ਪਰ ਜ਼ਿੰਦਗੀ ਤੋਂ ਨਾ-ਉਮੀਦ। ਕਈ ਸਾਲਾਂ ਤੋਂ ਉਹ ਬੰਬਈ ਦੀ ਫ਼ਿਲਮ ਲਾਈਨ 'ਚ ਆਪਣੀ ਕਿਸਮਤ ਅਜ਼ਮਾ ਰਿਹਾ ਸੀ, ਪਰ ਕਾਮਯਾਬੀ ਉਸ ਤੋਂ ਕਈ ਮੀਲ ਦੂਰ ਰਹੀ। ਉਹਨੀਂ ਦਿਨੀਂ ਉਹ ਕਿਸੇ ਕੰਮ ਦੇ ਸਿਲਸਲੇ 'ਚ ਦਿੱਲੀ ਆਇਆ। ਮੇਰੀ ਉਸ ਨਾਲ ਮੁਲਾਕਾਤ ਹੋ ਗਈ। ਉਸ ਨੂੰ ਮੇਰੀ ਹਾਲਤ ਦਾ ਪਤਾ ਲੱਗਾ ਤਾਂ ਉਸ ਮੇਰੇ ਅੱਗੇ ਵਿਆਹ ਕਰਨ ਦੀ ਤਜਵੀਜ਼ ਰੱਖੀ। ਉਸ ਵਕਤ ਮੈਨੂੰ ਹੈਰਾਨੀ ਹੋਈ ਸੀ ਕਿ ਏਨਾਂ ਖ਼ੂਬਸੂਰਤ ਨੌਜਵਾਨ ਭਲਾ ਮੇਰੇ ਵਰਗੀ ਬੇਸਹਾਰਾ, ਦੋ ਧੀਆਂ ਵਾਲੀ ਔਰਤ ਨਾਲ ਨਿਕਾਹ ਕਰਾਣ ਨੂੰ ਕਿਉਂ ਤਿਆਰ ਹੈ। ਪਰ ਹੌਲੀ ਹੌਲੀ ਮੈਂ ਸਭ ਸਮਝ ਗਈ। ਹਿੰਦੁਸਤਾਨ 'ਚ ਲੋਕ ਲੜਕੀਆਂ ਨੂੰ ਮੁਸੀਬਤ ਸਮਝਦੇ ਹਨ। ਖ਼ਾਸ ਕਰ ਬਿਨਾਂ ਬਾਪ ਦੀਆਂ ਲੜਕੀਆਂ ਤਾਂ ਬਿਲਕੁਲ ਨਹੀਂ ਭਾਉਂਦੀਆਂ, ਪਰ ਅਨਵਰ ਦੀਆਂ ਤਜਰਬੇਕਾਰ ਨਿਗਾਹਾਂ ਜਾਣਦੀਆਂ ਸਨ ਕਿ ਫ਼ਿਲਮ ਲਾਈਨ 'ਚ ਇਹੀ ਬਦਨਸੀਬ ਲੜਕੀਆਂ ਸੋਨੇ ਦੇ ਅੰਡੇ ਦੇਣ ਵਾਲੀਆਂ ਕੁਕੜੀਆਂ 'ਚ ਬਦਲੀਆਂ ਜਾ ਸਕਦੀਆਂ ਹਨ। ਮੇਰੇ ਨਾਲ ਵਿਆਹ ਕਰਨ ਲਈ ਸ਼ਾਇਦ ਇਹੋ ਵਜ੍ਹਾ ਹੋਵੇ। ਤੇ ਉਹ ਆਪਣੇ ਮਕਸਦ 'ਚ ਕਾਮਯਾਬ ਵੀ ਹੋਇਆ ਹੈ। ਅੱਜ ਉਹ ਸ਼ੀਰੀ ਤੇ ਸ਼ਹਿਨਾਜ਼ ਜਿਹੀਆਂ ਲੜਕੀਆਂ ਦਾ ਬਾਪ ਹੈ, ਜੋ ਅਜ ਸੈਂਕੜੇ ਰੁਪਏ ਕਮਾਉਂਦੀਆਂ ਹਨ, ਕਲ ਹਜ਼ਾਰਾਂ ਕਮਾਣਗੀਆਂ ਤੇ ਖ਼ੁਦਾ ਨੇ ਚਾਹਿਆ ਤਾਂ ਉਨ੍ਹਾਂ ਦਾ ਪੈਰ ਲੱਖਾਂ ਵਿਚ ਵੀ ਪਵੇਗਾ।

ਪਰ ਏਨਾ ਮੈਂ ਜ਼ਰੂਰ ਕਹਾਂਗੀ ਕਿ ਅਨਵਰ ਨੇ ਭਾਵੇਂ ਕਿਸੇ ਖ਼ੁਦਗ਼ਰਜ਼ੀ ਦੇ ਕਾਰਨ ਮੇਰੇ ਨਾਲ ਸ਼ਾਦੀ ਕੀਤੀ ਹੋਵੇ ਪਰ ਉਹ ਕਦੀ ਨਿਰਾ ਖ਼ੁਦਗ਼ਰਜ਼ ਨਹੀਂ ਰਿਹਾ। ਸ਼ੀਰੀਂ ਤੇ ਸ਼ਹਿਨਾਜ਼ ਨੂੰ ਆਪਣੀਆਂ ਧੀਆਂ ਦੀ ਤਰ੍ਹਾਂ ਹੀ ਪਿਆਰ ਕਰਦਾ ਹੈ ਤੇ ਦੋਨੋਂ ਲੜਕੀਆਂ ਉਹਨੂੰ ਹੀ ਆਪਣਾ ਬਾਪ ਸਮਝਦੀਆਂ ਹਨ। ਤੇ ਮੈਂ ਤਾਂ ਉਸ ਦੇ ਇਕ ਪੁੱਤਰ ਦੀ ਮਾਂ ਵੀ ਹਾਂ। ਅਨੀਸ ਪੰਜ ਸਾਲ ਦਾ ਹੋਣ ਵਾਲਾ ਹੈ।

ਇਹ ਸਭ ਕੁਝ ਜਾਣ ਕੇ ਵੀ ਕੀ ਤੁਸੀਂ ਇਥੇ ਆਉਣਾ ਚਾਹੋਗੇ ? ਪਰ ਜੇ ਆਉਣਾ ਚਾਹੋ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਇਕ ਗੱਲ ਤੁਹਾਨੂੰ ਜ਼ਰੂਰ ਦਸ ਦਿਆਂ, ਤੁਹਾਡੀਆਂ ਲੜਕੀਆਂ ਤੇ ਮੈਂ ਇਹ ਨਹੀਂ ਜ਼ਾਹਿਰ ਹੋਣ ਦਿਆਂਗੀ ਕਿ ਤੁਸੀਂ ਉਹਨਾਂ ਦੇ ਬਾਪ ਹੋ।

ਹੋਰ ਕੀ ਲਿਖਾਂ ?
ਕਿਸੇ ਜ਼ਮਾਨੇ ਦੀ ਤੁਹਾਡੀ,
ਜਮੀਲਾ"

ਖ਼ਤ ਲਿਖ ਕੇ ਜਮੀਲਾ ਬੇਫ਼ਿਕਰ ਹੋ ਗਈ। ਇਹੋ ਜਿਹਾ ਖ਼ਤ ਪੜ੍ਹ ਕੇ ਵੀ ਯੂਨਸ ਉਹਨੂੰ ਤੇ ਉਸਦੀਆਂ ਲੜਕੀਆਂ ਨੂੰ ਮਿਲਣ ਆ ਸਕਦਾ ਹੈ, ਇਸ ਗੱਲ ਦੀ ਉਹਨੂੰ ਜ਼ਰਾ ਵੀ ਉਮੀਦ ਨਹੀਂ ਸੀ। ਪਰ ਉਸ ਦੀ ਹੈਰਾਨੀ ਦੀ ਕੋਈ ਹੱਦ ਨ ਰਹੀ ਜਦੋਂ ਉਸ ਇਕ ਹਫ਼ਤੇ ਬਾਦ ਵੇਖਿਆ ਕਿ ਦਸ ਸਾਲ ਪਹਿਲੇ ਦੇ ਯੂਨਸ ਦੀ ਹਲਕੀ ਹਲਕੀ ਪਛਾਣ ਕਰਾਨ ਵਾਲਾ ਕਾਲਾ, ਬੀਮਾਰ ਤੇ ਬੁੱਢਾ ਜਿਹਾ ਆਦਮੀ ਉਸ ਦੇ ਦਰਵਾਜ਼ੇ ਤੇ ਖੜਾ ਸੀ। ਉਸ ਵਕਤ ਜਮੀਲਾ ਘਰ 'ਚ ਇਕੱਲੀ ਸੀ। ਅਨਵਰ ਸ਼ੀਰੀਂ ਨੂੰ ਲੈ ਕੇ ਸ਼ੂਟਿੰਗ ਤੇ ਗਿਆ ਹੋਇਆ ਸੀ ਤੇ ਸ਼ਹਿਨਾਜ਼ ਤੇ ਅਨੀਸ ਸਕੂਲ ਗਏ ਸਨ।

ਨਹਾ ਧੋ ਕੇ ਯੂਨਸ ਬੈਠਕ 'ਚ ਆਇਆ, ਨਜ਼ਰਾਂ ਨੇ ਇਕ ਇਕ ਚੀਜ਼ ਨੂੰ ਦੇਖਿਆ। ਸੋਫ਼ਾ ਸੈਟ, ਰੇਸ਼ਮੀ ਪਰਦੇ, ਰੇਡੀਓ, ਫੁਲਦਾਨ ਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ, ਜਿਹੜੀਆਂ ਵੱਡੇ ਲੋਕਾਂ ਦੀ ਦੁਨੀਆਂ ਦਾ ਅੰਗ ਸਮਝ ਕੇ ਕਦੀ ਆਪਣੀ ਕਲਪਨਾ 'ਚ ਵੀ ਉਸ ਨੇ ਦਾਖ਼ਲ ਨਹੀਂ ਸਨ ਹੋਣ ਦਿਤੀਆਂ।

ਫਿਰ ਉਹ ਉੱਠ ਕੇ ਕੰਧਾਂ ਤੇ ਲੱਗੀਆਂ ਤਸਵੀਰਾਂ ਵੇਖਣ ਲੱਗਾ। ਇਕ ਬਹੁਤ ਹੀ ਸੋਹਣੀ ਲੜਕੀ ਦੀਆਂ ਕਈ ਤਸਵੀਰਾਂ ਲੱਗੀਆਂ ਹੋਈਆਂ ਸਨ।

## NEW YEAR GREETINGS
*from*

**Canada Permanent Trust**

Real Estate Division
7350 Edmonds Street
Burnaby 3, B. C.

## RAJ CHEEMA

RES. 874-0236-7
874-5588
BUS. 524-9511

**CANADA PERMANENT OFFERS:**

- ★ A Guaranteed Sales Plan
- ★ Funds for Refinancing and Sales
- ★ Expert Appraisers on immediate call
- ★ Total Involvement Salesmen on call 24 hours
- ★ Offices Coast to Coast
- ★ Coast to Coast Transfer Plan
- ★ We Trade Homes

*Any gentleman, interested in the above services, should contact*

**RAJ CHEEMA**

*for his pleasing, honest & hard-working capabilities.*

ਰੀਅਲ ਇਸਟੇਟ ਦੇ ਹਰ ਮਾਮਲੇ ਵਿੱਚ
ਕੈਨੇਡਾ ਪਰਮਾਨੈਂਟ ਟਰੱਸਟ ਵੱਲੋਂ ਤੁਹਾਡੇ ਸਹਾਇਕ :-

## ਰਾਜ ਚੀਮਾ



## ਪਾਲ'ਜ਼ ਇਮਪੋਰਟਸ ਲਿਮਿਟਡ
## PAUL'S IMPORTS LTD.

2343 Main St., Vancouver, B.C.

TELEX: 04-507859 (PIL) PHONE: 874-5323

ਜਿੱਥੋਂ
ਖੇਡਾਂ ਦਾ ਸਾਮਾਨ (ਹਾਕੀ, ਵਾਲੀਬਾਲ, ਸਾਕਰ ਆਦਿ)
ਸੰਗੀਤ ਦਾ ਸਾਮਾਨ (ਹਾਰਮੋਨੀਅਮ, ਸਿਤਾਰ, ਢੋਲਕ,
ਘੁੰਗਰੂ ਆਦਿ), ਧਾਰਮਕ ਸਾਮਾਨ (ਕਿਰਪਾਨਾਂ ਤੇ
ਰੁਮਾਲੇ ਆਦਿ) ਨਕਲੀ ਗਹਿਣੇ ਅਤੇ ਕਲਾਤਮਕ
ਤੋਹਫ਼ੇ ਦਰੀਆਂ ਅਤੇ ਸਸਤੇ ਮਿਲ ਸਕਦੇ ਹਨ।

ਥੋਕ ਅਤੇ ਪਰਚੂਨ
RETAIL & WHOLESALE DEALER

## ਪਾਲ'ਜ਼ ਇਮਪੋਰਟਸ ਲਿਮਿਟਡ

2343 - ਮੇਨ ਸਟਰੀਟ
ਵੈਨਕੋਵਰ, ਬੀ.ਸੀ.
ਕਿੰਗਜ਼ਗੇਟ ਮਾਲ (ਬਰਾਡਵੇ ਤੇ ਕਿੰਗਜ਼ਵੇ) ਵਿੱਚ ਨਵੀਂ ਸ਼ਾਖ਼

## GOLDEN GROTTO GIFT HOUSE

DIVISION OF
PAUL'S IMPORTS LTD.
IN
Kingsgate Mall (Broadway & Kingsway)
Always remember for Jewelry, Gifts, Textiles etc.

## PAUL'S IMPORTS LIMITED

ਇਕ ਤਸਵੀਰ 'ਚ ਉਸ ਦੇ ਵਾਲਾਂ ਨੂੰ ਕਾਲੀ ਘਟਾ ਦੇ ਰੂਪ 'ਚ ਬਿਖਰਾਇਆ ਹੋਇਆ ਸੀ ਤੇ ਉਸ 'ਚੋਂ ਉਸ ਲੜਕੀ ਦਾ ਚਿਹਰਾ ਸੱਚ ਮੁਚ ਚੰਨ ਵਰਗਾ ਲਗਦਾ ਸੀ। ਦੂਸਰੀ ਤਸਵੀਰ ਵਿਚ ਉਹ ਇਕ ਕੱਸੀ ਹੋਈ ਪੈਂਟ ਤੇ ਅੱਧੀਆਂ ਬਾਹਾਂ ਵਾਲੀ ਕਮੀਜ਼ ਪਾਈ ਹੱਸਦੀ ਹੋਈ ਕਿਸੇ ਅੰਗਰੇਜ਼ੀ ਡਾਂਸ ਦਾ ਪੋਜ਼ ਬਣ ਰਹੀ ਸੀ। ਤਸਵੀਰ 'ਚ ਉਸ ਦਾ ਅੰਗ ਅੰਗ ਉਭਰਿਆ ਹੋਇਆ ਨਜ਼ਰ ਆ ਰਿਹਾ ਸੀ। ਤੀਸਰੀ ਤਸਵੀਰ ਵਿਚ ਉਹ ਜ਼ਮੀਨ ਤੇ ਅਰਕਾਂ ਟਿਕਾ ਕੇ ਬੈਠੀ ਸੀ। ਵਾਲ ਖਿੱਲਰੇ ਹੋਏ ਸਨ ਤੇ ਗਿੱਲੀਆਂ ਅੱਖਾਂ 'ਚੋਂ ਅੱਥਰੂ ਵਹਿ ਕੇ ਗੱਲ੍ਹਾਂ ਤੇ ਆ ਟਿਕੇ ਸਨ।

"ਜਾਣਦੇ ਹੋ, ਇਹ ਕਿਹਦੀਆਂ ਤਸਵੀਰਾਂ ਨੇ ?" ਪਿਛੋਂ ਦੀ ਜਮੀਲਾ ਮੇਜ਼ ਤੇ ਚਾਹ ਰੱਖਦੀ ਹੋਈ ਪੁੱਛਣ ਲੱਗੀ। ਯੂਨਸ ਨੇ ਉਸ ਵਲ ਦੇਖਿਆ ਤੇ ਚੁੱਪ ਰਿਹਾ। ਸ਼ਾਇਦ ਉਸ ਨੇ ਆਪਣੀ ਖ਼ਾਮੋਸ਼ੀ ਤੋਂ ਇਹ ਜਤਲਾਇਆ ਕਿ ਇਹ ਤਸਵੀਰਾਂ ਕਿਸ ਦੀਆਂ ਹਨ, ਇਹ ਜਾਣ ਕੇ ਉਹਨੂੰ ਜ਼ਿਆਦਾ ਹੈਰਾਨੀ ਨਹੀਂ ਹੋਵੇਗੀ।

"ਪਛਾਣ ਸਕਦੇ ਹੋ ਆਪਣੀ ਸ਼ੀਰੀਂ ਨੂੰ ?" ਜਮੀਲਾ ਨੇ ਫਿਰ ਪੁੱਛਿਆ ਤੇ ਯੂਨਸ ਫਿਰ ਚੁੱਪ ਰਿਹਾ, ਜਿਸ ਤਰ੍ਹਾਂ ਉਹਨੇ ਕਿਹਾ ਹੋਵੇ — ਇਹ ਉਸ ਦੀ ਕਲਪਨਾ ਤੋਂ ਪਰੇ ਦੀ ਗੱਲ ਨਹੀਂ। ਉਸ ਨੇ ਇਕ ਨਜ਼ਰ ਫਿਰ ਉਹਨਾਂ ਤਸਵੀਰਾਂ ਤੇ ਮਾਰੀ ਤੇ ਬੈਠ ਕੇ ਚਾਹ ਪੀਣ ਲੱਗਾ।

ਸ਼ਾਮ ਨੂੰ ਸ਼ਹਿਨਾਜ਼ ਸਕੂਲ ਤੋਂ ਆਈ ਤਾਂ ਯੂਨਸ ਸੋਫ਼ੇ ਤੇ ਲੱਤਾਂ ਫੈਲਾ ਕੇ ਬੀੜੀ ਪੀ ਰਿਹਾ ਸੀ। ਉਹ ਉਹਨੂੰ ਘੂਰਦੀ ਹੋਈ ਮਾਂ ਦੇ ਕਮਰੇ 'ਚ ਚਲੀ ਗਈ ਤੇ ਕਹਿਣ ਲੱਗੀ —

"ਅੰਮੀ, ਇਹ ਬੁੱਢਾ ਕੌਣ ਹੈ ? ਬੀੜੀ ਦੀ ਸਵਾਹ ਨਾਲ ਸਾਰਾ ਫ਼ਰਸ਼ ਖ਼ਰਾਬ ਕਰ ਰਿਹਾ ਹੈ।"

ਜਮੀਲਾ ਨੇ ਸ਼ਹਿਨਾਜ਼ ਵਲ ਅੱਖਾਂ ਚੁੱਕ ਕੇ ਵੇਖਿਆ। ਕਹਿਣ ਲੱਗੀ, "ਸਾਡੇ ਮਹਿਮਾਨ ਨੇ, ਬੇਟਾ ਜਾ ਦੇਖ ਐਸ਼-ਟਰੇ ਕਿਧਰੇ ਇਧਰ ਉਧਰ ਰੱਖੀ ਹੋਵੇਗੀ, ਲੱਭ ਕੇ ਉਨ੍ਹਾਂ ਕੋਲ ਰੱਖ ਆ !"

ਸ਼ਹਿਨਾਜ਼ ਨੇ ਟਰੇ ਯੂਨਸ ਦੇ ਸਾਹਮਣੇ ਰੱਖ ਦਿਤੀ ਤੇ ਬਿਨਾਂ ਕੁਝ ਵੀ ਕਹੇ ਘੂਰਦੀ ਹੋਈ ਵਾਪਸ ਆ ਗਈ। ਯੂਨਸ ਲਲਚਾਈਆਂ ਨਜ਼ਰਾਂ ਨਾਲ ਉਹਨੂੰ ਵੇਖਦਾ ਰਿਹਾ।

ਫਿਰ ਸ਼ੀਰੀਂ ਤੇ ਅਨਵਰ ਆਏ। ਯੂਨਸ ਨੇ ਵੇਖਿਆ ਇਹ ਉਹ ਲੜਕੀ ਹੈ ਜਿਸ ਦੀਆਂ ਏਨੀਆਂ ਤਸਵੀਰਾਂ ਕਮਰੇ 'ਚ ਲੱਗੀਆਂ ਹੋਈਆਂ ਹਨ। ਫਿਰ ਉਸ ਦੀਆਂ ਅੱਖਾਂ ਅੱਗੇ ਪੰਜ ਛੇ ਸਾਲ ਦੀ ਉਹ ਸ਼ੀਰੀਂ ਘੁੰਮਣ ਲੱਗੀ ਜੋ ਗੰਦੀ ਜਿਹੀ ਫ਼ਰਾਕ ਪਾਈ 'ਅਬਾ' ਕਹਿ ਕੇ ਉਹਦੀਆਂ ਲੱਤਾਂ ਨਾਲ ਚਮੁਟ ਜਾਂਦੀ ਸੀ। ਕੀ ਇਹ ਉਹੀ ਸ਼ੀਰੀਂ ਹੈ ? ਉਸ ਦੀ ਲੜਕੀ ਸ਼ੀਰੀਂ ? ਉਹ ਉਹਦੇ ਤੋਂ ਕੁਝ ਗਜ਼ ਦੇ ਫ਼ਾਸਲੇ ਤੇ ਖੜੀ ਸੀ ਪਰ ਯੂਨਸ ਨੂੰ ਲੱਗਾ ਕਿ ਇਹ ਫ਼ਾਸਲਾ ਕੁਝ ਗਜ਼ ਦਾ ਨਹੀਂ ਹੈ, ਇਹ ਤਾਂ ਸਿਰਫ਼ ਫ਼ਾਸਲਾ ਹੈ — ਇਹੋ ਜਿਹਾ ਫ਼ਾਸਲਾ ਜਿਸ ਨੂੰ ਮਾਪਣ ਲਈ ਗਜ਼ ਮੀਲ ਕੁਝ ਨਹੀਂ ਬਣੇ।

ਜਮੀਲਾ ਨੇ ਸਭ ਨੂੰ ਕਹਿ ਦਿਤਾ ਕਿ ਉਸ ਦਾ ਦੂਰ ਦਾ ਰਿਸ਼ਤੇਦਾਰ ਹੈ ਤੇ ਗਵਾਲੀਅਰ ਤੋਂ ਆਇਆ ਹੈ।

ਰਾਤ ਨੂੰ ਖਾਣਾ ਖਾਣ ਵੇਲੇ ਖ਼ੂਬ ਹਾਸਾ ਮਖ਼ੌਲ ਹੋਇਆ, ਸਟੂਡੀਓ ਦੀਆਂ ਗੱਲਾਂ, ਸ਼ੂਟਿੰਗ ਦੀਆਂ ਗੱਲਾਂ, ਪ੍ਰੋਡੀਊਸਰ ਦੀਆਂ ਗੱਲਾਂ, ਏਨੀਆਂ ਗੱਲਾਂ ਕਿ ਸਾਰਾ ਆਲਾ ਦੁਆਲਾ ਗੱਲਾਂ ਦੇ ਪਾਣੀ ਨਾਲ ਭਰ ਗਿਆ ਜਿਸ ਵਿਚ ਅਨਵਰ ਤੇ ਜਮੀਲਾ, ਸ਼ੀਰੀਂ ਤੇ ਸ਼ਹਿਨਾਜ਼ ਛੋਟੀਆਂ ਛੋਟੀਆਂ ਡੋਂਗੀਆਂ ਵਾਂਗ ਤਰਨ ਲਗੇ, ਹਿਲੋਰੇ ਖਾਣ ਲੱਗੇ ਤੇ ਯੂਨਸ ਉਸ ਪਾਣੀ 'ਚ ਇਕ ਭਾਰੇ ਪੱਥਰ ਵਾਂਗ ਡੁੱਬ ਗਿਆ। ਕਿਸੇ ਨੂੰ ਪਤਾ ਹੀ ਨ ਲੱਗਾ ਕਿ ਇਨ੍ਹਾਂ ਥਿਰਕਦੀਆਂ ਬੇੜੀਆਂ ਥੱਲੇ ਕੋਈ ਪੱਥਰ ਵੀ ਹੈ।

ਰਾਤ ਨੂੰ ਜਮੀਲਾ ਨੇ ਉਸ ਦੇ ਸੌਣ ਲਈ ਬੈਠਕ 'ਚ ਹੀ ਪ੍ਰਬੰਧ ਕਰ ਦਿਤਾ। ਸ਼ੀਰੀਂ ਤੇ ਸ਼ਹਿਨਾਜ਼ ਆਪਣੇ ਕਮਰੇ 'ਚ ਚਲੀਆਂ ਗਈਆਂ। ਅਨਵਰ, ਜਮੀਲਾ ਤੇ ਅਨੀਸ ਆਪਣੇ ਕਮਰੇ 'ਚ ਸੌਂ ਗਏ ਤੇ ਯੂਨਸ ਬੈਠਕ 'ਚ ਲੇਟਿਆ ਸ਼ੀਰੀਂ ਦੀਆਂ ਤਸਵੀਰਾਂ ਵੇਖਦਾ ਰਿਹਾ। ਉਹ ਸੋਚਦਾ ਰਿਹਾ ਕਿੰਨੀ ਖ਼ੂਬਸੂਰਤ ਹੈ — ਸ਼ੀਰੀਂ, ਕਿੰਨੀ ਪਿਆਰੀ ਲਗਦੀ ਹੈ ਸ਼ਹਿਨਾਜ਼। ਪਰ ਇਹ ਇਹਦੀਆਂ ਧੀਆਂ ਨਹੀਂ। ਉਸ ਦੀ ਇਕ ਧੀ ਸੀ, ਗੰਦੇ ਫ਼ਰਾਕ ਵਾਲੀ, ਸਾਂਵਲੀ ਜਿਹੀ, ਜਿਹਦੇ ਹੱਥ ਹਮੇਸ਼ਾ ਮਿੱਟੀ ਨਾਲ ਭਰੇ ਰਹਿੰਦੇ ਸਨ ਤੇ ਜੋ ਉਹਨੂੰ ਵੇਖਦੇ ਹੀ 'ਅੱਬਾ' ਕਹਿ ਕੇ ਉਹਦੇ ਨਾਲ ਚੇਬੜ ਜਾਂਦੀ ਸੀ। ਉਸ ਦੀ ਸ਼ਹਿਨਾਜ਼ ਇਕ ਟੁੱਟੇ ਹੋਏ ਪੰਘੂੜੇ 'ਚ ਪਈ ਰਹਿੰਦੀ ਸੀ। ਇਹ ਫੁੱਲਾਂ ਵਾਂਗ ਖਿੜੀਆਂ ਹੋਈਆਂ ਕੁੜੀਆਂ ਦਾ ਬਾਪ ਉਹ ਨਹੀਂ ਹੋ ਸਕਦਾ। ਇਨ੍ਹਾਂ ਦਾ ਬਾਪ ਤਾਂ ਅਨਵਰ ਹੀ ਹੈ, ਉਹ ਗੋਰਾ, ਸਿਹਤ-ਮੰਦ ਤੇ ਰਈਸ ਅਨਵਰ।

ਸ਼ੀਰੀਂ ਤੇ ਸ਼ਹਿਨਾਜ਼ ਨੇ ਉਸ ਨਾਲ ਇਕ ਗੱਲ ਵੀ ਨਹੀਂ ਕੀਤੀ। ਯੂਨਸ ਨੇ ਕਈ ਵਾਰੀ ਉਹਨਾਂ ਨਾਲ ਬੋਲਣਾ ਚਾਹਿਆ, ਕੋਈ ਗਲ ਕਰਨੀ ਚਾਹੀ ਪਰ ਉਹ ਤਿਲਕਣੀਆਂ ਮਛੀਆਂ ਵਾਂਗ ਹੱਥਾਂ 'ਚੋਂ ਫਿਸਲਦੀਆਂ ਰਹੀਆਂ ਤੇ ਯੂਨਸ ਉਹਨਾਂ ਨੂੰ ਹੱਥੋਂ ਛੁਟੇ ਹੋਏ ਗੈਸ ਦੇ ਗੁਬਾਰੇ ਵਾਂਗ ਵੇਖਦਾ ਰਿਹਾ।

ਦਸ ਸਾਲ ਪਹਿਲੇ ਉਸ ਦੇ ਛੋਟੇ ਜਹੇ ਘਰ 'ਚ ਇਹੀ ਜਮੀਲਾ, ਇਹੀ ਸ਼ੀਰੀਂ 'ਤੇ ਇਹੀ ਸ਼ਹਿਨਾਜ਼ ਸਨ। ਪਰ ਘਰ ਦੀ ਇਕ ਇਕ ਚੀਜ਼, ਇਕ ਇਕ ਗਲ, ਇਕ ਇਕ ਸਾਹ ਤਕ ਉਹਦੇ ਨਾਲ ਬੰਨ੍ਹਿਆ ਹੋਇਆ ਸੀ। ਅੱਜ ਇਸ ਘਰ 'ਚ ਉਹ ਹੈ ਜਮੀਲਾ ਹੈ, ਸ਼ੀਰੀ ਤੇ ਸ਼ਹਿਨਾਜ਼ ਹਨ ਪਰ ਬੰਧਨਾਂ ਦਾ ਇਕ ਧਾਗਾ ਵੀ ਉਸ ਦੇ ਚਾਰੇ ਪਾਸੇ ਨਹੀਂ।

"ਅੰਮੀਂ ਉਹ ਬੁੱਢਾ ਫਿਰ ਫ਼ਰਸ਼ ਖ਼ਰਾਬ ਕਰ ਰਿਹੈ।" ਸ਼ਹਿਨਾਜ਼ ਜਮੀਲਾ ਨੂੰ ਕਹਿਣ ਲੱਗੀ, "ਐਸ਼ ਟਰੇ ਕੋਲ ਪਈ ਹੈ ਫਿਰ ਵੀ ਉਸ ਦੀ ਬੀੜੀ ਦੀ ਸਵਾਹ ਫ਼ਰਸ਼ ਤੇ ਡਿਗ ਰਹੀ ਹੈ।"

ਜਮੀਲਾ ਨੂੰ ਸ਼ਹਿਨਾਜ਼ ਦੀ ਗੱਲ ਚੁਭੀ, "ਬੇਟਾ ! ਮਹਿਮਾਨ ਨੂੰ ਇਸ ਤਰ੍ਹਾਂ ਨਹੀਂ ਕਹੀਦਾ। ਕੋਈ ਗਲ ਨਹੀਂ, ਫ਼ਰਸ਼ ਸਾਫ਼ ਹੋ ਜਾਏਗਾ।"

ਸ਼ੀਰੀ ਸਟੂਡੀਓ ਜਾਣ ਲਈ ਤਿਆਰ ਹੋ ਗਈ ਸੀ। ਬੈਠਕ 'ਚ ਆ ਕੇ ਅਲਮਾਰੀ 'ਚੋਂ ਉਸ ਨੇ ਚੜੀਆਂ ਦਾ ਇਕ ਡਬਾ ਕਢਿਆ ਤੇ ਆਪਣੀ ਸਾੜੀ

ਨਾਲ ਮੈਚ ਕਰਨ ਵਾਲੀਆਂ ਚੂੜੀਆਂ ਛਾਂਟਣ ਲਗੀ। ਯੂਨਸ ਇਕ ਟੱਕ ਉਹਨੂੰ ਵੇਖਦਾ ਰਿਹਾ ਉਸ ਦਾ ਦਿਲ ਕੀਤਾ ਫਿਰ ਸ਼ੀਰੀਂ ਨੂੰ ਬੇਟੀ ਕਹਿ ਕੇ ਬੁਲਾਏ, ਉਹਨੂੰ ਆਪਣੇ ਵਲ ਖਿਚ ਲਵੇ, ਉਸ ਨਾਲ ਕੁਝ ਗਲ ਬਾਤ ਕਰੇ। ਪਰ ਉਹਨੂੰ ਲਗਾ ਇਹ ਕੰਮ ਬਹੁਤ ਹੀ ਮੁਸ਼ਕਲ ਹੈ, ਓਨਾ ਹੀ ਮੁਸ਼ਕਲ ਜਿੰਨਾ ਕਿਸੇ ਮਾਮੂਲੀ ਜਿਹੇ ਸਿਪਾਹੀ ਦਾ ਕਿਸੇ ਸ਼ਹਿਜ਼ਾਦੀ ਨੂੰ ਬੁਲਾਣਾ। ਉਹ ਬੈਠਾ ਸਿਮਟ ਇਕੱਠੀ ਕਰਦਾ ਰਿਹਾ। ਏਨੇ 'ਚ ਸ਼ੀਰੀਂ ਚੂੜੀਆਂ ਪਾ ਕੇ ਮੁੜੀ। ਯੂਨਸ ਉਹਨੂੰ ਇਕ ਟੱਕ ਵੇਖ ਰਿਹਾ ਸੀ। ਸ਼ੀਰੀ ਦੀ ਨਜ਼ਰ ਉਹਦੀ ਨਜ਼ਰ ਨਾਲ ਮਿਲੀ। ਯੂਨਸ ਦੀਆਂ ਅੱਖਾਂ 'ਚ ਪਿਆਰ ਉਮਡ ਆਇਆ। ਸ਼ਾਇਦ ਉਸ ਪਿਆਰ ਦਾ ਕਝ ਅਹਿਸਾਸ ਸ਼ੀਰੀਂ ਨੂੰ ਵੀ ਹੋਇਆ ਤੇ ਉਹ ਮੁਸਕਰਾ ਪਈ। ਸ਼ੀਰੀਂ ਦੀ ਮੁਸਕਰਾਹਟ ਯੂਨਸ ਦੀ ਨਸ ਨਸ ਵਿਚ ਬਿਜਲੀ ਬਣ ਕੇ ਦੌੜ ਗਈ। ਇਹ ਦੂਸਰਾ ਮੁਕਾਮ ਪਾ ਕੇ ਉਹਦਾ ਦਿਲ ਤੇਜ਼ੀ ਨਾਲ ਧੜਕਣ ਲਗਾ। ਉਸ ਝੁਰੜੀਆਂ ਭਰੇ ਚਿਹਰੇ ਤੇ ਖ਼ੁਸ਼ੀ ਦੀ ਲਹਿਰ ਦੌੜ ਗਈ। ਉਸ ਦੇ ਮੂੰਹੋਂ ਨਿਕਲ ਪਿਆ —

"ਸਵੇਰੇ ਸਵੇਰੇ ਕਿਥੇ ਜਾਣ ਦੀ ਤਿਆਰੀ ਹੋ ਗਈ, ਬੇਟਾ ?" ਤੇ ਫਿਰ ਇਕ ਘਬਰਾਹਟ ਉਹਦੇ ਚਿਹਰੇ ਤੇ ਫੈਲ ਗਈ। ਉਹਨੂੰ ਲਗਾ ਕਿ ਉਹਨੇ ਕੋਈ ਬਹੁਤ ਵਡੀ ਗਲ ਕਹਿ ਦਿਤੀ ਸੀ।

ਸ਼ੀਰੀਂ ਉਸੇ ਤਰ੍ਹਾਂ ਮੁਸਕਰਾਂਦੀ ਹੋਈ ਬੋਲੀ, "ਸ਼ੂਟਿੰਗ ਤੇ ਜਾ ਰਹੀ ਹਾਂ।" ਤੇ ਉਹ ਕਮਰੇ ਤੋਂ ਬਾਹਰ ਚਲੀ ਗਈ। ਯੂਨਸ ਨੂੰ ਲਗਾ ਜਿਵੇਂ ਠੰਢੇ ਪਾਣੀ ਦੀਆਂ ਕੁਝ ਬੂੰਦਾਂ ਉਸ ਦੇ ਤਰਿਹਾਏ ਮੂੰਹ ਵਿਚ ਪੈ ਗਈਆਂ ਸਨ। ਉਹ ਉਠਿਆ ਤੇ ਇਧਰ ਉਧਰ ਟਹਿਲਣ ਲਗਾ। ਫਿਰ ਉਹ ਸ਼ੀਰੀਂ ਦੀ ਇਕ ਤਸਵੀਰ ਦੇ ਸਾਮ੍ਹਣੇ ਰੁਕ ਕੇ ਉਸ ਨੂੰ ਵੇਖਣ ਲਗਾ। ਉਥੋਂ ਹਟ ਕੇ ਦੂਸਰੀ ਤਸਵੀਰ ਦੇ ਸਾਹਮਣੇ ਖੜਾ ਹੋ ਗਿਆ। ਫਿਰ ਉਹ ਕਿੰਨੀ ਹੀ ਦੇਰ ਤੀਸਰੀ ਨੂੰ ਦੇਖਦਾ ਰਿਹਾ। ਤੀਸਰੀ ਤਸਵੀਰ ਵੇਖ ਚੁਕਾ ਤਾਂ ਫਿਰ ਪਹਿਲੀ ਦੇ ਸਾਹਮਣੇ ਆ ਕੇ ਖੜਾ ਹੋ ਗਿਆ। ਫਿਰ ਦੂਸਰੀ, ਫਿਰ ਤੀਸਰੀ। ਉਸ ਨੇ ਤਸਵੀਰਾਂ ਦੇ ਕਈ ਚੱਕਰ ਲਗਾ ਛਡੇ। ਉਹਨੂੰ ਲਗਾ ਕਿ ਠੰਢੇ ਪਾਣੀ ਦੀਆਂ ਬੂੰਦਾਂ ਦਾ ਸੁਆਦ ਉਸ ਦੇ ਮੂੰਹ ਵਿਚ ਵਧ ਗਿਆ ਸੀ।

ਉਹ ਅਲਮਾਰੀ ਕੋਲ ਜਾ ਕੇ ਖੜਾ ਹੋ ਗਿਆ। ਅਲਮਾਰੀ ਉਤੇ ਕੁਝ ਕਿਤਾਬਾਂ ਪਈਆਂ ਸਨ। ਉਹ ਉਹਨਾਂ ਨੂੰ ਚੁਕ ਕੇ ਵੇਖਣ ਲਗਾ। ਕਿਤਾਬਾਂ ਤੇ ਸ਼ਹਿਨਾਜ਼ ਦਾ ਨਾ ਲਿਖਿਆ ਹੋਇਆ ਸੀ। ਉਹ ਸੋਫ਼ੇ ਤੇ ਬੈਠ ਕੇ ਉਸ ਦੇ ਸਫ਼ੇ ਪਲਟਣ ਲਗਾ।

'ਏ ਬੁੱਢੇ, ਮੇਰੀ ਕਿਤਾਬ ਕਿਉਂ ਚੁਕੀ ਆ ?" ਯੂਨਸ ਨੇ ਹੈਰਾਨ ਹੋ ਕੇ ਵੇਖਿਆ, ਸਾਹਮਣੇ ਗੁੱਸੇ ਵਿਚ ਲਾਲ ਪੀਲੀ ਹੋਈ ਸ਼ਹਿਨਾਜ਼ ਖੜੀ ਸੀ।

"ਅੰਮੀ ਵੇਖੋ ਨ, ਇਹ ਬੁੱਢਾ ਮੇਰੀਆਂ ਕਿਤਾਬਾਂ ਖ਼ਰਾਬ ਕਰ ਰਿਹੈ।" ਸ਼ਹਿਨਾਜ਼ ਰੋਂਦੀ ਆਵਾਜ਼ ਵਿਚ ਮਾਂ ਦੇ ਕਮਰੇ ਵਿਚ ਆਈ। ਯੂਨਸ ਘਬਰਾਇਆ ਹੋਇਆ ਵੇਖ ਰਿਹਾ ਸੀ। ਸ਼ਹਿਨਾਜ਼ ਰੋਣੀ ਆਵਾਜ਼ ਵਿਚ ਬੋਲ ਪਈ, "ਵੇਖੋ ਨਾ ਇਹ ਬੁਢਾ..... ।"



"ਚੁੱਪ ਬਦਤਮੀਜ਼ !" ਜਮੀਲਾ ਗਰਜ ਕੇ ਬੋਲੀ, "ਆਪਣੇ ਬਾਪ ਨੂੰ ਇਸ ਤਰ੍ਹਾਂ ਕਹਿੰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ।"

"ਬਾਪ" ਸ਼ਬਦ ਸਾਰੇ ਕਮਰੇ ਵਿਚ ਬਿਜਲੀ ਵਾਂਗ ਗਰਜ ਉਠਿਆ। ਜਮੀਲਾ ਦੀ ਸੁੱਧ ਬੁੱਧ ਮਾਰੀ ਗਈ। ਇਹ ਉਹਦੇ ਮੂੰਹੋਂ ਕੀ ਨਿਕਲ ਗਿਆ ਸੀ। ਯੂਨਸ ਨੂੰ ਲਗਾ ਕਿ ਕਿਧਰੋਂ ਉਡਦਾ ਹੋਇਆ ਇਕ ਸ਼ਬਦ ਆਇਆ, ਉਸ ਦੇ ਕੰਨਾਂ ਨਾਲ ਟਕਰਾਇਆ ਤੇ ਉਹਨੂੰ ਸਮੁੰਦਰ ਵਿਚ ਡੋਬ ਕੇ ਕਿਧਰੇ ਚਲਾ ਗਿਆ ਸੀ। ਤੇ ਸ਼ਹਿਨਾਜ਼ ਹੱਕੀ ਬੱਕੀ ਹੋ ਇਕ-ਟਕ ਵੇਖ ਰਹੀ ਸੀ — ਕਦੀ ਯੂਨਸ ਵਲ ਤੇ ਕਦੀ ਜਮੀਲਾ ਵਲ। ਫਿਰ ਉਸ ਇਕ ਨਜ਼ਰ ਭਰ ਕੇ ਯੂਨਸ ਵਲ ਵੇਖਿਆ ਤੇ ਜਮੀਲਾ ਨੂੰ ਪੁੱਛਣ ਲਗੀ, "ਇਹ ਮੇਰਾ ਬਾਪ ਹੈ ?"

ਜਮੀਲਾ ਸ਼ਾਂਤ ਹੋ ਚੁਕੀ ਸੀ। ਉਸ ਦੀਆਂ ਅਖਾਂ ਵਿਚ ਇਕ ਨਮੀ ਜਹੀ ਫੈਲ ਗਈ ਸੀ "ਹਾਂ ਬੇਟੀ......।"

ਸ਼ਹਿਨਾਜ਼ ਨੇ ਇਕ ਵਾਰ ਫਿਰ ਯੂਨਸ ਵਲ ਵੇਖਿਆ ਤੇ ਫਿਰ ਮਚਲ ਉਠੀ —

"ਨਹੀਂ, ਨਹੀਂ ਮੈਂ ਇਹ ਬਾਪ ਨਹੀਂ ਲਵਾਂਗੀ ..ਮੈਂ ਨਹੀਂ ਲਵਾਂਗੀ . ਹਾਂ।"

ਜਮੀਲਾ ਨੇ ਡਾਂਟਿਆ, "ਪਾਗਲ ਹੋ ਗਈ ਏਂ ?"

ਸ਼ਹਿਨਾਜ਼ ਹੋਰ ਮਚਲੀ, "ਇਹ ਬਾਪ ਨਹੀਂ ਲਵਾਂਗੀ...ਹਾਂ...ਸ਼ੀਰੀ ਨੂੰ ਗੋਰਾ ਬਾਪ ਦਿੰਦੀ ਹੈ . ਅਨੀਸ ਨੂੰ ਵੀ ਗੋਰਾ ਤੇ ਮੈਨੂੰ ਕਾਲਾ ਬਾਪ ਦਿੰਦੀ ਹੈ। ਮੈਂ ਇਹ ਕਾਲਾ ਬਾਪ ਨਹੀਂ ਲਵਾਂਗੀ... ਨਹੀਂ ਲਵਾਂਗੀ।"

ਉਹ ਇਸ ਤਰ੍ਹਾਂ ਫੁਟ ਫੁਟ ਕੇ ਰੋਣ ਲਗੀ, ਜਿਸ ਤਰ੍ਹਾਂ ਉਹਨੂੰ ਉਸ ਦੇ ਭਰਾ ਭੈਣ ਦੇ ਮੁਕਾਬਲੇ ਤੇ ਇਕ ਬੜਾ ਘਟੀਆ ਖਿਡੌਣਾ ਦਿਤਾ ਜਾ ਰਿਹਾ ਹੋਵੇ, ਉਸ ਦੇ ਨਾਲ ਬੜੀ ਵਡੀ ਬੇ-ਇਨਸਾਫ਼ੀ ਹੋ ਰਹੀ ਹੋਵੇ। ਉਸ ਨੇ ਯੂਨਸ ਦੇ ਹਥੋਂ ਕਿਤਾਬਾਂ ਖੋਹ ਲਈਆਂ ਤੇ ਰੋਂਦੀ ਹੋਈ ਕਮਰੇ 'ਚੋਂ ਚਲੀ ਗਈ।

ਕਮਰੇ ਦੀ ਹਵਾ ਦਾ ਬੋਝ ਵਧ ਕੇ ਜਮੀਲਾ ਤੇ ਯੂਨਸ ਤੇ ਹਾਵੀ ਹੋ ਗਿਆ। ਉਹ ਸੁੰਨ ਜਹੇ ਹੋ ਗਏ, ਫਿਰ ਜਮੀਲਾ ਚੁੱਪ ਚਾਪ ਇਕ ਕੁਰਸੀ ਤੇ ਬੈਠ ਗਈ ਪਰ ਦੋਹਾਂ 'ਚੋਂ ਕੋਈ ਕੁਝ ਨਾ ਬੋਲਿਆ।

ਤੇ ਕਿੰਨੀ ਹੀ ਦੇਰ ਉਹ ਇਸ ਤਰ੍ਹਾਂ ਬੈਠੇ ਰਹੇ।

"ਗਵਾਲੀਅਰ ਜਾਣ ਲਈ ਗੱਡੀ ਕਿੰਨੇ ਵਜੇ ਮਿਲੇਗੀ ?" ਯੂਨਸ ਨੇ ਪੁੱਛਿਆ।

"ਪੰਜਾਬ ਮੇਲ ਤਾਂ ਤਕਰੀਬਨ ਤਿੰਨ ਵਜੇ ਚਲਦੀ ਹੈ ਤੇ ਪਠਾਨਕੋਟ ਸ਼ਾਇਦ ਰਾਤ ਦੇ ਦਸ ਵਜੇ ਚਲਦੀ ਹੈ।" ਜਮੀਲਾ ਦਾ ਸੰਖੇਪ ਜਿਹਾ ਜੁਆਬ ਸੀ।

ਫਿਰ ਦੋਹਾਂ ਦੀ ਨਜ਼ਰ ਇਕੋ ਵਕਤ ਕਮਰੇ ਵਿਚ ਲਗੀ ਘੜੀ ਵਲ ਉਠੀ। ਸਵਾ ਦਸ ਵਜੇ ਸਨ। ਘੜੀ ਤੋਂ ਹਟ ਕੇ ਦੋਨੋਂ ਦੀਆਂ ਨਜ਼ਰਾਂ ਨੇ ਇਕ ਦੂਸਰੇ ਨੂੰ ਵੇਖਿਆ —

ਯੂਨਸ ਦੀ ਨਜ਼ਰ ਨੇ ਕਿਹਾ — "ਮੈਨੂੰ ਪੰਜਾਬ ਮੇਲ ਮਿਲ ਸਕਦੀ ਹੈ ?"

ਜਮੀਲਾ ਦੀ ਨਜ਼ਰ ਨੇ ਕਿਹਾ — 'ਤੁਹਾਨੂੰ ਪੰਜਾਬ ਮੇਲ ਮਿਲ ਸਕਦੀ ਹੈ !"

## ਇਸ ਅੰਕ ਦਾ ਨਾਵਲ

# ਅੱਧੀ ਰਾਤ ਪਹਿਰ ਦਾ ਤੜਕਾ

(ਬੂਟਾ ਸਿੰਘ ਸ਼ਾਦ)

ਪੰਜਾਬੀ ਦੇ ਨਵੇਂ ਪੁਰਾਣੇ ਨਾਵਲਕਾਰਾਂ ਦੀ ਲੰਬੀ ਕਤਾਰ ਵਿੱਚੋਂ, ਜਸਵੰਤ ਸਿੰਘ ਕੰਵਲ ਤੇ ਗੁਰਦਿਆਲ ਸਿੰਘ ਤੋਂ ਬਾਅਦ ਬੂਟਾ ਸਿੰਘ ਸ਼ਾਦ ਉਹ ਨਾਵਲਕਾਰ ਹੈ ਜਿਸਨੇ ਪੇਂਡੂ-ਜੀਵਨ ਨੂੰ ਭਰਪੂਰ ਨੀਝ ਨਾਲ ਚਿਤਰਨ ਦੀ ਕੋਸ਼ਿਸ਼ ਕੀਤੀ ਹੈ।

ਪੰਜਾਬੀ ਦਾ ਇਹ ਪਹਿਲਾ ਨਾਵਲ ਹੈ ਜਿਸ ਵਿੱਚ ਜ਼ਮੀਨ ਦੇ ਨਿੱਕੇ ਨਿੱਕੇ ਟੁਕੜਿਆਂ ਪਿੱਛੇ ਪੁਸ਼ਤ ਦਰ ਪੁਸ਼ਤ ਚੱਲੀਆਂ ਆਉਂਦੀਆਂ ਘਾਤਕ ਲੜਾਈਆਂ ਦੀ ਚੱਕੀ ਵਿੱਚ ਪਿਸ ਪਿਸ ਮਰਦੀਆਂ, ਗੰਡਾਸਿਆਂ ਤੇ ਬੰਦੂਕਾਂ ਦੇ ਸ਼ਿਕਾਰ ਹੋਕੇ ਬਿਨ ਆਈ ਮੌਤ ਮਰ ਰਹੇ ਪੰਜਾਬ ਦੇ ਦ੍ਰਿਸ਼; ਵੈਲੀ, ਨਿਖੱਟੂ, ਸ਼ਰਾਬੀ-ਕਬਾਬੀ ਸਮੱਗਲਰ ਸਰਪੰਚਾਂ ਦੀਆਂ ਹੈਂਕੜਭਰੀਆਂ ਕਰਤੂਤਾਂ ਅਤੇ ਪੰਜਾਬ ਦੀ ਜਾਗੀਰਦਾਰੀ ਪੁਲੀਸ ਦਾ ਨੰਗੀਆਂ ਗਾਲ੍ਹਾਂ ਦਾ ਭੰਡਾਰ, ਵੱਢੀਖੋਰ ਤੇ ਇਖ਼ਲਾਕ ਹੀਨ ਚਰਿੱਤਰ ਏਨੀ ਡੂੰਘਾਈ ਨਾਲ ਪੇਸ਼ ਕੀਤਾ ਗਿਆ ਹੈ।

ਮਿੱਠੀ ਬੋਲੀ ਇਸ ਨਾਵਲ ਦੀ ਵਿਸ਼ੇਸ਼ ਖ਼ੂਬੀ ਹੈ।

ਨਾਵਲ ਵਿੱਚ ਪੁਲੀਸ, ਵੈਲੀਆਂ ਤੇ ਸਾਧਾਂ ਦੇ ਸੀਨ ਵਿੱਚ ਗਾਲ੍ਹਾਂ ਦੀ ਭਰਮਾਰ ਹੈ। ਪਰੰਪਰਾਵਾਦੀਆਂ ਵਾਂਗ ਸ਼ਾਦ ਨੇ ਕਹਾਣੀ ਨੂੰ ਵਿਰੋਧੀ ਪੜਾਵਾਂ 'ਚੋਂ ਇਕ ਪਰੇਮੀ ਜੋੜੇ ਦੁਆਲੇ ਘੁਮਾਇਆ ਹੈ। ਆਦਰਸ਼ਵਾਦ ਦਾ ਸਹਾਰਾ ਲੈਂਦਿਆਂ ਆਖ਼ਿਰ 'ਚ ਨੇਕੀ ਦੀ ਬਦੀ ਤੇ ਜਿੱਤ ਵਿਖਾਈ ਹੈ।

ਇਸ ਨਾਵਲ ਨੂੰ ਲੇਖਕ ਨੇ ਹੀ 'ਕੁੱਤੀ ਯਾਰ ਦੀ' ਨਾਮ ਹੇਠ ਫ਼ਿਲਮਾਇਆ ਵੀ ਹੈ ਤੇ ਉਪਰੋਕਤ ਗੱਲਾਂ ਨੂੰ ਵਾਚਦਿਆਂ ਲਗਦਾ ਹੈ ਜਿਵੇਂ ਨਾਵਲ ਫ਼ਿਲਮਾਉਣ ਲਈ ਹੀ ਲਿਖਿਆ ਗਿਆ ਹੋਵੇ। ਜੇ 'ਸ਼ਾਦ' ਇਸ ਤਰ੍ਹਾਂ ਦੀ ਬੇਲੋੜੀ ਭਰਤੀ ਨਾ ਕਰਦਾ ਤਾਂ ਵਿਸ਼ੇ ਦੀ ਸੁਹਿਰਦਤਾ ਨੇ 'ਅੱਧੀ ਰਾਤ ਪਹਿਰ ਦਾ ਤੜਕਾ' ਪੰਜਾਬੀ ਦਾ ਇੱਕ ਮਹਾਨ ਨਾਵਲ ਬਣ ਜਾਣਾ ਸੀ।

(ਸੰਪਾਦਕ)

## ਕਾਂਡ 36

ਦੋ ਸਿਰ ਜੁੜਾਂਦਿਆਂ ਨੂੰ,
ਚੰਦਰੇ ਮਾਰਦੇ ਭਾਨੀ, ।

ਬੋਤਲ ਘੁਕ ਰਹੀ ਸੀ। ਸਰਪੰਚ ਪਲੰਘ ਤੇ ਚੌੜਾ ਹੋਇਆ ਬੈਠਾ ਸੀ। ਸ਼ਰਾਬ ਦਾ ਨਸ਼ਾ ਉਸ ਦੀਆਂ ਸੁਰਖ਼ ਅੱਖਾਂ 'ਚ ਝਲਕ ਰਿਹਾ ਸੀ। ਹਨੇਰਾ ਹੋ ਚੁਕਿਆ ਸੀ। ਦੀਵੇ ਦੇ ਚਾਨਣ 'ਚ ਸਭ ਦੇ ਚਿਹਰੇ ਓਪਰੇ ਓਪਰੇ ਜਾਪਦੇ ਸਨ। ਸਰਪੰਚ ਗੁਰਦੇਵ ਨੂੰ ਵੇਖ ਕੇ ਅੰਦਰ ਹੀ ਅੰਦਰ ਹੱਸਿਆ।

"ਆ ਬਈ ਗੱਭਰੂਆ — ਬੜਾ ਚਿਰਕਾ ਆਇਐਂ।" ਸਰਪੰਚ ਨੇ ਬੋਤਲ ਗੁਰਦੇਵ ਵਲ ਵਧਾਈ।

ਗੁਰਦੇਵ ਨੇ ਭੁੱਖਿਆਂ ਵਾਂਗ ਬੋਤਲ ਬੁੱਚੀ। ਇਕਦਮ ਉਸ ਦਾ ਮੂੰਹ ਪਾਣੀ ਨਾਲ ਭਰ ਗਿਆ ਸੀ। ਮੂੰਹ 'ਚੋਂ ਲਾਲਾਂ ਵਗਣ ਲਗ ਪਈਆਂ ਸਨ।

"ਚੋਬਰਾ ਤੂੰ ਸਾਡਾ ਕੰਮ ਤਾਂ ਕੋਈ ਸੁਆਰਦਾ ਨੀਂ।" ਸਰਪੰਚ ਬਹੁਤ ਖ਼ੁਸ਼ ਹੋ ਕੇ ਗੁਰਦੇਵ ਤੇ ਝੁਕਿਆ ਬੈਠਾ ਸੀ।

"ਤੁਸੀਂ ਆਪ ਤਾਂ ਕੰਨਾ ਨਹੀਂ ਲਾਉਂਦੇ।" ਗੁਰਦੇਵ ਨੇ ਠੂਣਾ ਉਹਨਾਂ ਸਿਰ ਛੇਨਿਆ।

"ਤੂੰ ਪੱਕੀ ਗੱਲ ਕਰ — ਵੇਖ ਕਿਵੇਂ ਵਾਢੀ ਕਰਦੇ ਆਂ।" ਜੱਗਾਰ ਸ਼ਰਾਬ ਦੇ ਨਸ਼ੇ ਨਾਲ ਬਾਬੂ ਬਣਿਆ ਤੋਤੇ ਵਾਂਗ ਬੋਲ ਰਿਹਾ ਸੀ।

"ਤੂੰ ਚੰਗੀ ਤਰ੍ਹਾਂ ਸਾਹ ਪਿਆਏਂ ਤਾਂ ਅਸੀਂ ਕੋਠੇ ਤੋਂ ਦੀ ਚੱਕ ਲਿਆਈਏ।" ਬਿੱਲੂ ਬੁਲੀ ਕੁੱਤੇ ਵਾਂਗ ਜਬਾੜੇ ਖੋਹਲ ਕੇ ਬੋਲਿਆ।

"ਯਾਰੋ ਐਡੀਆਂ ਐਡੀਆਂ ਗੱਲਾਂ ਹੋ ਜਾਣ ਤੇ ਤੁਸੀਂ ਸੁੱਤੇ ਰਹੋਂ।" ਗੁਰਦੇਵ ਨਸ਼ੇ ਦੇ ਪਹਿਲੇ ਹਾੜੇ ਨਾਲ ਹੀ ਕਬੂਤਰ ਬਣ ਗਿਆ ਸੀ।

"ਓਏ ਸੁੱਤਾ ਕਿਹੜੈ। ਦਾਅ ਦੀ ਡੀਕ ਕਰਦੇ ਆਂ।" ਜੱਗਾਰ ਨੇ ਸੱਚੀ ਕਹੀ।

"ਬਈ ਹੈ ਕਰਮਾਂ ਆਲਾ — ਕਿੰਨੇ ਹੇਲਿਆਂ 'ਚੋਂ ਨਿਕਲ ਗਿਆ। ਨਹੀਂ ਤਾਂ ਭਲਾ ਸਾਡੇ ਹੇਲੇ 'ਚੋਂ ਕਿਹੜਾ ਬਚ ਜੇ!" ਸਰਪੰਚ ਨੇ ਅਚਾਰੀ ਅਉਲਾ ਮੂੰਹ 'ਚ ਪਉਂਦਿਆਂ ਕਿਹਾ।

ਢਾਣੀ ਹੋਰ ਵਡੀ ਹੋ ਗਈ ਸੀ। ਬੋਤਲ ਤੀਜੇ ਹਿੱਸੇ 'ਚ ਹੀ ਮੁੱਕ ਜਾਂਦੀ ਸੀ। ਬੋਤਲਾਂ ਦੀ ਬੋਰੀ ਖ਼ਾਲੀ ਹੁੰਦੀ ਜਾ ਰਹੀ ਸੀ।

"ਪਹਿਲਾਂ ਤਾਂ ਲੈ ਤੂੰ ਸੁਣ — ਤੇਰਾ ਬੁੜ੍ਹਾ ਹੀ ਡਾਂਨੇ ਵਾਂਗੂੰ ਆਕੜਿਆ ਰਹਿੰਦੈ। ਅਸੀਂ ਬਿਰਧ ਕਰਕੇ ਟਾਲਾ ਕਰਦੇ ਆਂ ਤੇ ਉਹ —" ਸਰਪੰਚ ਨੇ ਪੁੱਠੇ ਹੱਥ ਨਾਲ ਮੁੱਛਾਂ ਸਵਾਰੀਆਂ। ਸ਼ਰਾਬ ਦੇ ਛਿੱਟੇ ਦੂਰ ਦੂਰ ਤਕ ਬੁੜ੍ਹਕੇ।

"ਮੈਂ ਤਾਂ ਆਂਹਦਾਂ ਕਦੇ ਘਰੇ ਜਾ ਪਉ — ਕਿੰਨਿਆਂ ਕੁ ਨੂੰ ਮਾਰਦੂ।" ਬਿੱਲੂ ਨੇ ਮਿਰਚ ਜਾੜ੍ਹ ਥਲੇ ਧਰੀ ਤੇ ਕੁੜੱਤਣ ਨਾਲ ਆਪੇ ਹੀ ਮੂੰਹ ਖੁਲ੍ਹ ਗਿਆ। ਮੱਥੇ ਤੇ ਮੁੜ੍ਹਕਾ ਸਿਮ ਆਇਆ।

"ਅੰਦਰੋਂ ਤਾਂ ਬੈਠਾ ਬੰਦਾ ਸੈਂਕੜੇ ਮਾਰ ਸਕਦੈ — ਅਗਲੇ ਪੂਰੇ ਚੌਕੰਨੇ ਐ।" ਸਰਪੰਚ ਨੇ ਮੰਜੇ ਤੇ ਚਿੱਤੜ ਘਸਾਏ ਤੇ ਹੋਰ ਸੂਤ ਹੋ ਕੇ ਬੈਠ ਗਿਆ। ਉਹ ਬਰਾਬਰ ਮੁੱਛਾਂ ਦੇ ਵਾਲ ਦੰਦਾਂ 'ਚ ਲੈ ਲੈ ਚੱਥ ਰਿਹਾ ਸੀ।

"ਯਾਰੋ ਦੋ ਮਹੀਨੇ ਹੋਗੇ ਬ੍ਰੇਥੋਂ ਉਹ ਜਨਾਨੜਾ ਜਾਹ ਸੂਤ ਨੀਂ ਆਇਆ।" ਕਿਸੇ ਨੇ ਗਲਾਸ ਖ਼ਾਲੀ ਕਰਦਿਆਂ ਕਿਹਾ। ਮੂੰਹ 'ਚ ਘੁਟ ਕੁ ਪਾਣੀ ਪਾ ਕੇ ਸੁਟ ਦਿਤਾ।

"ਤੁਸੀਂ ਤਾਂ ਸਾਲੇ ਬਣ ਜਾਨੇ ਓਂ ਪਾਟੇ ਖਾਂ ਦੇ — ਮਗਰੋਂ ਕਰਦੇ ਓਂ ਗੱਲਾਂ।" ਸਰਪੰਚ ਨੇ ਗ਼ੁਸੇ ਨਾਲ ਕਿਹਾ।

"ਅਸੀਂ ਯਾਰ ਕਦੋਂ ਭਲਾ ਗੱਲ ਲੱਦੀ ਐ।" ਉਸ ਦੇ ਅਉਲਾ ਹੱਥ 'ਚ ਹੀ ਰਹਿ ਗਿਆ ਸੀ। ਮੂੰਹ ਹੋਰ ਕੌੜਾ ਹੋ ਗਿਆ ਸੀ।

"ਅਸਲ 'ਚ ਹੁਣ ਥੋੜੇ 'ਚ ਕੰਡਾ ਹੈ ਨੀਂ।" ਗੁਰਦੇਵ ਨੇ ਗੱਲ ਦਾ ਪੋਰ ਝਾੜ ਦਿਤਾ। ਉਸ ਦੇ ਮਨ 'ਚ ਕੋਈ ਗੱਲ ਰਿਝ ਰਹੀ ਸੀ। ਉਹ ਛੇਤੀ ਦੇ ਕੇ ਕਹਿ ਦੇਣਾ ਚਾਹੁੰਦਾ ਸੀ। ਕਹਿਣ ਲਗਦਾ ਸੀ ਤਾਂ ਹੌਸਲਾ ਕਿਰ ਜਾਂਦਾ ਸੀ।

"ਕਿਉਂ ਸਾਡੇ 'ਚ ਕਿਉਂ ਨੀਂ ਕੰਡਾ ?" ਸਰਪੰਚ ਨੂੰ ਕਰੋਧ ਚੜ੍ਹ ਗਿਆ ਸੀ।

"ਤੇ ਹੋਰ — ਜੇ ਕੰਡਾ ਹੋਵੇ ਤਾਂ ਅੱਖਾਂ ਤੇ ਪੱਟੀਆਂ ਬੰਨ੍ਹੀ ਰੱਖੋ ?"

"ਅੱਖਾਂ ਤੇ ਪੱਟੀਆਂ ?" ਬੁਚੜ-ਚਿਹਰਾ ਸਰਪੰਚ ਦਾ ਦੰਗ ਸੀ।

"ਹਾਂ — ਹੋਰ ਨਹੀਂ।"

"ਤੂੰ ਗੱਲ ਕਿਸੇ ਰਾਹ ਪਾ।" ਸਰਪੰਚ ਮੰਜੇ ਤੇ ਹੁਸ਼ਿਆਰ ਜਿਹਾ ਹੋ ਕੇ ਬੈਠ ਗਿਆ।

"ਗੱਲ ਗੁਰਦੇਵ ਸਿਉਂ ਦੀ ਸੱਚੀ ਐ।" ਪਰ੍ਹਾਂ ਤੋਂ ਕਿਸੇ ਨੇ ਹਾਮੀ ਭਰੀ।

"ਸਰਪੰਚਾ ਐਨਾ ਤੇਰਾ ਨਾਂ — ਤਹਿਤ ਤੇ......।"

"ਤੇ —।"

"ਤੇ —।"

"ਤੂੰ ਮੂੰਹ ਖੋਹਲ।"

"ਉਹ ਤੇਰੇ ਘਰੇ ਆਉਂਦਾ ਰਹੇ।" ਗੁਰਦੇਵ ਦਾ ਮੂੰਹ ਲਾਲ ਹੋ ਗਿਆ ਸੀ।

ਸਰਪੰਚ ਨੇ ਵੱਟ ਕੇ ਚੁਪੇੜ ਗੁਰਦੇਵ ਦੇ ਮੂੰਹ ਤੇ ਮਾਰੀ। ਕਰੋਧ ਨਾਲ ਉਹ ਸੜ ਉਠਿਆ। ਜਿਵੇਂ ਕਿਸੇ ਨੇ ਉਸ ਦੇ ਕਲੇਜੇ ਨੂੰ ਹੱਥ ਪਾ ਲਿਆ। ਗੁਰਦੇਵ ਮੂਧੇ ਮੂੰਹ ਮੰਜੇ ਤੋਂ ਭੁੰਜੇ ਡਿੱਗ ਪਿਆ ਸੀ। ਉਸ ਦੀ ਚੀਕ ਛੱਤ ਨੂੰ ਪਾੜ ਗਈ ਸੀ। ਉਹ ਉਠਣ ਲੱਗਿਆ ਤਾਂ ਬਿੱਲੂ ਨੇ ਉਸ ਦੇ ਚੂਕਣ 'ਚ ਅੱਡੀ ਮਾਰੀ। ਉਹ ਧਰਤੀ ਤੇ ਚਿੱਤ ਹੋ ਗਿਆ।

ਸਰਪੰਚ ਨੇ ਉਠ ਕੇ ਪੂਰੇ ਜ਼ੋਰ ਨਾਲ ਅੱਡੀ ਡਿੱਗੇ ਗੁਰਦੇਵ ਦੇ ਮਾਰੀ ਤੇ ਉਹ ਬੱਕਰੇ ਵਾਂਗ ਮਿਆਕਿਆ। ਉਠ ਕੇ ਦੂਜੇ ਪਾਸੇ ਝਾਕਿਆ ਤਾਂ ਭੀੜ ਅਲੋਪ ਸੀ। ਉਹ ਫਟੜ ਸ਼ੇਰ ਵਾਂਗ ਛੱਤ ਵਲ ਝਾਕਿਆ ਉਸ ਦਾ ਕਾਲਜਾ ਪਾਟ ਰਿਹਾ ਸੀ। ਛਾਤੀ 'ਚ ਕੁਝ ਅੜ ਗਿਆ ਸੀ। ਉਸ ਨੇ ਸਾਰਾ ਮੂੰਹ ਅੱਡ ਕੇ ਸਾਹ ਲਿਆ। ਦੋ ਕਦਮ ਅਗੇ ਨੂੰ ਤੁਰਿਆ। ਜ਼ੋਰ ਨਾਲ ਪਿਛੇ ਹਟ ਕੇ ਥਬੂਤਾ ਮਾਰ ਕੇ ਗੁਰਦੇਵ ਦੀ ਛੂਈ ਤੇ ਚੜ੍ਹ ਗਿਆ।

"ਓਏ ਲਿਆਉ ਕੁਝ ਐਸ ਬਕਰੇ ਨੂੰ ਤਾਂ ਕਰੋ ਕੁਤਰਾ।" ਬੇਥਾਹ ਕਰੋਧ ਨੂੰ ਬੁੱਲ੍ਹਾਂ 'ਚ ਘੁਟ ਕੇ ਮੀਟੀਆਂ ਅੱਖਾਂ, ਬਥਾੜ, ਛੱਤਣ ਵਲ ਚੁਕ ਕੇ ਸਰਪੰਚ ਚੀਕਿਆ।

ਜੱਰਾਰ ਤੇ ਬਿੱਲੂ ਖੂੰਜੇ 'ਚ ਪਏ ਹਥਿਆਰ ਚੁੱਕਣ ਦੌੜੇ।

ਸਰਪੰਚ ਪਤਾ ਨਹੀਂ ਕਿਹੜੇ ਵੇਲੇ ਗੁਰਦੇਵ ਦੀ ਛੂਈ ਤੋਂ ਉਤਰ ਗਿਆ ਸੀ। ਗੁਰਦੇਵ ਅਲੋਪ ਹੋ ਗਿਆ ਸੀ।

ਉਹ ਤਿੰਨੇ ਇਕ ਦੂਜੇ ਵਲ ਝਾਕੇ। ਸ਼ਿਕਾਰ ਪੰਛੀ ਵਾਂਗ ਉਡਾਰੀ ਮਾਰ ਗਿਆ ਸੀ।

"ਹਾਏ — ਜੱਰਾਰਾ —" ਸਰਪੰਚ ਗ਼ੁਸੇ ਨਾਲ ਉਬਲ ਰਿਹਾ ਸੀ। ਖਿਚੜੀ ਵਾਂਗ ਰਿੱਝ ਰਿਹਾ ਸੀ। "ਹੁਣ ਕੀ ਕਰੀਏ ?"

"ਚਲੋ ਘਰ ਤੇ ਹਮਲਾ ਕਰੀਏ।"

"ਨਹੀਂ — ਇਸ ਤਰ੍ਹਾਂ ਉਹ ਹੱਥ ਨਹੀਂ ਅਉਣਾ — ਮੈਂ ਉਸ ਦੀਆਂ ਬੋਟੀਆਂ ਖਾਣੀਆਂ ਚਾਹੁੰਦਾਂ — ਐਂ —" ਸਰਪੰਚ ਨੇ ਆਪਣੇ ਹੱਥਾਂ ਤੇ ਦੰਦੀਆਂ ਵੱਢ ਕੇ ਲਹੂ ਕੱਢ ਲਿਆ। ਜੱਰਾਰ ਨੇ ਉਸ ਦੇ ਹੱਥ ਮਸਾਂ ਰੋਕੇ।

ਸਰਪੰਚ ਦੇ ਖ਼ਿਆਲਾਂ 'ਚ ਉਹ ਰਾਤ ਆ ਗਈ ਜਿਸ ਰਾਤ ਉਹ ਮਾਈ ਨੂੰ ਨਾਲ ਲੈ ਕੇ ਚੁਬਾਰੇ ਗਿਆ ਸੀ। ਪਰ ਕੁਝ ਹੱਥ ਪੱਲੇ ਨਹੀਂ ਪਿਆ। ਉਹ ਦਿਨ ਯਾਦ ਆਇਆ ਜਿਸ ਦਿਨ ਉਸ ਨੇ ਸੁਖਦੀਪ ਨੂੰ ਕੇਵਲ ਧੱਕਾ ਹੀ ਦਿਤਾ ਸੀ। ਗੋਲੀ ਕਿਉਂ ਨਾ ਮਾਰੀ ? ਉਸ ਨੇ ਆਪਣੇ ਆਪ ਤੇ ਦੋਦ ਪੀਹੇ। ਜ਼ੋਰ ਨਾਲ ਗਲ ਪਾਇਆ ਕੁੜਤਾ ਪਾੜ ਦਿਤਾ। ਉਸ ਨੂੰ ਖੜਿਆਂ ਗ਼ੁਸੇ ਦੇ ਵਟਣੇ ਚੜ੍ਹ ਰਹੇ ਸਨ ਤੇ ਉਹ ਢਿੱਡ ਪੀੜ ਵਾਲੇ ਵਾਂਗ ਮਿਹਲ ਰਿਹਾ ਸੀ। ਉਸ ਦੀਆਂ ਅੱਖਾਂ 'ਚੋਂ ਰੱਤ ਚੋਂਦੀ ਸੀ। ਮੱਥੇ 'ਚੋਂ ਮੁੜ੍ਹਕੇ ਦੀਆਂ ਤਤੀਹਰੀਆਂ ਗਲ ਵਲ ਛੁੱਟ ਪਈਆਂ ਸਨ।

"ਇਕ ਬੰਬ ਦਾ ਬੰਦੋਬਸਤ ਕਰੋ।" ਬਿੱਲੂ ਨੇ ਕਿਹਾ।

"ਹਾਂ — ਸਾਰਿਆਂ ਨੂੰ ਭੁੰਨੀਏਂ ਤਾਂ ਕਾਲਜਾ ਠਰੂ।" ਸਰਪੰਚ ਦੀਆਂ ਅੱਖਾਂ 'ਚ ਇਕ ਆਸ ਚਮਕ ਪਈ। "ਪਰ — ਪਰ ਬੰਬ — ਬੰਬ ਮਿਲੂ ਕਿਥੋਂ — ਹਾਂ — ਹਾਂ ਮਿਲ ਸਕਦੈ।" ਸਰਪੰਚ ਆਪਣੇ ਆਪ ਨੂੰ ਦਸ ਰਿਹਾ ਸੀ।

"ਪਰ ਅਜ ਰਾਤ ਨੀਂ ਨਿਕਲਣੀ — ਚਲੋ ਘਰ ਉਤੋਂ ਦੀ ਤਾਂ ਗੇੜਾ ਦੇਦੀਏ।" ਸਰਪੰਚ ਬਾਹਰ ਨੂੰ ਤੁਰ ਪਿਆ। ਬਿੱਲੂ ਨੇ ਗੰਡਾਸਾ ਚੁਕ ਲਿਆ ਤੇ ਜੱਰਾਰ ਨੇ ਬੰਦੂਕ ਚੁੱਕ ਲਈ।

ਉਹ ਦਗੜ ਦਗੜ ਕਰਦੇ ਹਰਵਿੰਦਰ ਦੀ ਵੀਹੀ ਤੁਰ ਗਏ। ਡਰੀ ਤੇ ਸੁੰਨੀ ਗਲੀ ਦੁਹਾਈਆਂ ਦੇ ਰਹੀ ਸੀ। ਸਰਪੰਚ ਦੀ ਭਾਰੀ ਅੱਡੀ ਧਰਤੀ ਦੀ ਛਾਤੀ 'ਚ

ਖੁਭ ਖੁਭ ਜਾਂਦੀ ਸੀ। ਸਰਪੰਚ ਦੀ ਇਕ ਅੱਡੀ ਲਹੂ-ਲੁਹਾਨ ਸੀ। ਵਿਚੋਂ ਮੇਖ਼ ਉਠ ਕੇ ਵਿਚ ਧੱਸਦੀ ਜਾ ਰਹੀ ਸੀ, ਪਰ ਸਰਪੰਚ ਨੂੰ ਕੁਝ ਵੀ ਹੋਸ਼ ਨਹੀਂ ਸੀ। ਘਰ ਉਪਰੋਂ ਗੇੜਾ ਦਿਤਾ।

"ਕੀ ਸਲਾਹ ਹੈ ?" ਜੱਰਾਰ ਨੇ ਪੁੱਛਿਆ।

"ਬੰਬ ਬਿਨਾਂ ਵਾਰ ਖ਼ਾਲੀ ਜਾਵੇਗਾ।" ਸਰਪੰਚ ਕੰਧ ਤੋਂ ਪਿਛੇ ਹਟ ਗਿਆ ਸੀ।

ਕਿੱਡੀ ਰਾਤ ਤਕ ਉਹ ਠੰਢ 'ਚ ਤਪਦੇ ਖੜੇ ਰਹੇ।

ਅਖ਼ੀਰ ਜੱਰਾਰ ਤੇ ਸਰਪੰਚ ਗੱਡੀ ਨੂੰ ਆ ਗਏ। ਬਿੱਲੂ ਘਰੇ ਰਹਿ ਗਿਆ।

"ਬੰਬ ਦਾ ਬੰਦੋਬਸਤ ਕਰਕੇ ਮੁੜਿਉ।" ਬਿੱਲੂ ਨੇ ਕਿਹਾ।

"ਬਹੁਤ ਕਾਸੇ ਦਾ ਬੰਦੋਬਸਤ ਕਰਕੇ ਮੁੜਾਂਗੇ। ਸਰਪੰਚ ਨੇ ਜੀਪ ਤੋਰ ਲਈ।

ਸਰਪੰਚ ਨੇ ਸ਼ਹਿਰੋਂ ਜੀਪ ਵਾਪਸ ਭੇਜ ਦਿਤੀ।

ਪਟਿਆਲੇ ਦੀਆਂ ਟਿਕਟਾਂ ਖ਼ਰੀਦ ਲਈਆਂ। ਮਾਲ ਗੱਡੀ ਦੇ ਭਖ਼ੇ ਇੰਜਣ ਵਾਂਗ ਉਹ ਔਖੇ ਔਖੇ ਸਾਹ ਲੈਂਦਾ ਸੀ।

"ਆਪਾਂ ਤਾਂ ਪਟਿਆਲੇ ਨੂੰ ਚਲ ਪਏ ?" ਜੱਰਾਰ ਨੇ ਪੁੱਛਿਆ।

"ਹਾਂ — ਉਥੇ ਵੀ ਇਕ ਕੰਮ ਹੈ।" ਸਰਪੰਚ ਸੀਟ ਤੇ ਲਿਟ ਗਿਆ ਸੀ। ਕਰੋਧ ਨਾਲ ਤਪਦਾ ਉਹ ਸੀਟ ਤੇ ਰੁੜ ਰਿਹਾ ਸੀ।

ਗੱਡੀ ਛਕਾ-ਛੱਕ ਭੱਜੀ ਜਾ ਰਹੀ ਸੀ। ਤੜਕਾ ਹੋ ਗਿਆ ਸੀ।

ਪਟਿਆਲੇ ਤਕ ਪਹੁੰਚਦਿਆਂ ਜੱਰਾਰ ਰਜ ਕੇ ਸੌਂ ਲਿਆ ਸੀ। ਪਰ ਸਰਪੰਚ ਨੂੰ ਉੱਕੀ ਨੀਂਦਰ ਨਹੀਂ ਆਈ ਸੀ। ਉਹ ਬੁੜ੍ਹਕ ਬੁੜ੍ਹਕ ਉਠਦਾ ਸੀ। ਕਰੋਧ ਉਸ ਦੀ ਜਿੰਦ ਨੂੰ ਰੂਈ ਵਾਂਗ ਪਿੰਜ ਰਿਹਾ ਸੀ। ਸਵੇਰ ਹੋਣ ਤਕ ਉਸ ਦਾ ਚਿਹਰਾ ਬਦਲ ਗਿਆ ਸੀ। ਉਹ ਚਿਹਰੇ ਤੋਂ ਨਿਰਾ ਬੁੱਚੜ ਲਗਦਾ ਸੀ। ਨਸ਼ੇ ਦੇ ਝੋਕੇ ਨਾਲ ਗਰਮ ਹੋਣ ਵਾਲਾ ਸਰੀਰ ਪਤਾ ਨਹੀਂ ਕਿਹੜੀ ਹਰਕਤ ਨਾਲ ਮਸ਼ੀਨ ਵਾਂਗ ਚਲ ਰਿਹਾ ਸੀ।

ਗੱਡੀ ਰੁਕੀ ਤਾਂ ਉਹ ਰਿਕਸ਼ੇ ਚੜ੍ਹ ਗਏ।

ਰਿਕਸ਼ਾ ਦਰਵਾਜ਼ੇ ਅਗੇ ਰੁਕਿਆ। ਦਰਵਾਜ਼ੇ ਅਗੇ ਬਿੱਲੇ ਦੇ ਸਿਰ ਜੇਡਾ ਜਿੰਦਾ ਲਮਕ ਰਿਹਾ ਸੀ। ਰਿਕਸ਼ਾ ਕਾਲਜ ਪਹੁੰਚ ਗਿਆ। ਸਰਪੰਚ ਨੇ ਗੁਰਜੀਤ ਨੂੰ ਬਾਹਰ ਬੁਲਾਇਆ।

"ਕਿਥੇ ਐ ਕਲਮੂਹੀਂ ?" ਸਰਪੰਚ ਨੇ ਅੱਖਾਂ ਬੰਦ ਕਰ ਲਈਆਂ ਸਨ।

ਗੁਰਜੀਤ ਨੂੰ ਇਕ ਧੱਕਾ ਜਿਹਾ ਲੱਗਿਆ। ਉਹ ਡਰ ਗਿਆ। ਸਰਪੰਚ ਦੇ ਚਿਹਰੇ ਨੂੰ ਵੇਖ ਵੇਖ ਉਸ ਦਾ ਦਿਲ ਦਹਿਲ ਰਿਹਾ ਸੀ। ਪਰ ਉਸ ਨੇ ਆਪਾ ਵੱਸ 'ਚ ਕੀਤਾ।

"ਕਿਉਂ ਤੁਹਾਨੂੰ ਕੀ ਕੰਮ ਪੈ ਗਿਆ ?"

"ਸਿੱਧੀ ਤਰ੍ਹਾਂ ਦਸ ਕਿਥੇ ਐ ?"

"ਮੈਂ ਪੁੱਛਦਾਂ ਤੁਹਾਡਾ ਉਸ ਨਾਲ ਕੀ ਵਾਸਤਾ ?"

"ਤੂੰ ਦਸਦੈਂ ਕਿ ਪਹਿਲਾਂ ਤੇਰੇ ਸੀਨੇ 'ਚੋਂ ਕੱਢਾਂ ਗੋਲੀ।" ਸਰਪੰਚ ਦਾ ਹੱਥ ਰੀਵਾਲਵਰ ਤੇ ਜਾ ਟਿਕਿਆ।

"ਜੰਗ ਸਿਆਂ ਕੀ ਕਰ ਰਿਹੈਂ। ਤੈਨੂੰ ਸੁਰਤ ਤਾਂ ਹੈ ?" ਜੱਰਾਰ ਸਰਪੰਚ ਤੇ ਤੱਤ ਨੂੰ ਵੇਖ ਕੇ ਡਰ ਕੇ ਘਬਰਾ ਉਠਿਆ ਸੀ।

"ਮੈਂ ਉਹਨੂੰ ਜਿਊਂਦੀ ਨਹੀਂ ਛਡਣਾ।" ਜੰਗ ਸਿੰਘ ਨੇ ਐਲਾਨ ਕੀਤਾ।

"ਕੀਹਨੂੰ ?" ਜੱਰਾਰ ਚਿੰਤਾਤੁਰ ਹੋ ਕੇ ਬੋਲਿਆ।

"ਉਸ ਨੇ ਤੇਰਾ ਕੀ ਵਗਾੜਿਐ ?" ਗੁਰਜੀਤ ਨੇ ਪੁੱਛਿਆ।

"ਤੈਨੂੰ ਨਹੀਂ ਪਤਾ ਉਸ ਕਮਜਾਤ ਦੀਆਂ ਕਰਤੂਤਾਂ ਦਾ।"

"ਵਾਹ ! ਛੱਜ ਤਾਂ ਬੋਲੇ ਛਾਨਣੀ ਵੀ ਬੋਲੇ।"

"ਕੁੱਤਿਆ ਭੌਂਕਦੈਂ ?"

"ਤਾਂ ਪਤਾ ਲਗ ਗਿਆ — ਧੀਆਂ ਦਾ ਦੁਖ ਕੀ ਹੁੰਦੈ — ? ਉਹ ਵੀ ਕਿਸੇ ਬਾਪ ਦੀਆਂ ਧੀਆਂ ਸਨ, ਜਿਨ੍ਹਾਂ ਨੂੰ ਤੁਸੀਂ ਤਬਾਹ ਕੀਤਾ ?" ਗੁਰਜੀਤ ਜਜ਼ਬਾਤੀ ਹੋ ਕੇ ਬੋਲ ਰਿਹਾ ਸੀ।

"ਤੇਰੀ ਪੱਟ ਲਾਂ ਕਾਲੀ ਜੀਭ ਕੁੱਤਿਆ।" ਸਰਪੰਚ ਨੇ ਕਸ ਕੇ ਚੁਪੇੜ ਗੁਰਜੀਤ ਦੇ ਮਾਰੀ। ਉਹ ਥਿਵ ਕੇ ਪਰ੍ਹਾਂ ਡਿੱਗਿਆ ਤੇ ਡਿੱਗਦਾ ਹੀ ਬੇਹੋਸ਼ ਹੋ ਗਿਆ।

ਜੱਰਾਰ ਨੇ ਉਸ ਨੂੰ ਸੰਭਾਲਿਆ।

ਭੀੜ ਜਮ੍ਹਾਂ ਹੋ ਗਈ। ਜੱਰਾਰ ਨੇ ਇਕੱਠੇ ਹੋਏ ਮੁੰਡਿਆਂ ਨੂੰ ਤੋਰ ਦਿਤਾ। ਕਿੰਨੇ ਹੀ ਚਿਰ ਮਗਰੋਂ ਗੁਰਜੀਤ ਨੂੰ ਹੋਸ਼ ਆਈ।

"ਜੰਗ ਸਿਆਂ — ਤੂੰ ਸੁਰਤ ਕਰ ਸੁਰਤ — ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨੀਂ ਵਿਗੜਿਆ। ਪੁੱਤ ਨਾ ਲੱਖੀਂ ਨਾ ਕਰੋੜੀਂ।" ਜੱਰਾਰ ਨੇ ਕਿਹਾ।

"ਨਹੀਂ ਜੱਰਾਰਾ। ਮੈਨੂੰ ਕਪੁੱਤਾਂ ਧੀਆਂ ਪੁੱਤਾਂ ਦੀ ਲੋੜ ਨਹੀਂ। ਉਹਦੇ ਮੈਂ ਗੋਲੀ ਮਾਰੇ ਬਿਨਾਂ ਨਹੀਂ ਜਾ ਸਕਦਾ।"

"ਸੁਖਦੀਪ ਦੇ ?" ਜੱਰਾਰ ਨੇ ਪੁੱਛਿਆ।

"ਹੋਰ ਕਿਸ ਦੇ ?"

"ਕਿਉਂ — ?"

"ਉਸ ਨੇ ਮੈਨੂੰ ਕਿਤੇ ਜੋਗਾ ਨੀਂ ਛੱਡਿਆ।"

"ਜੰਗ ਸਿਆਂ ਤੈਨੂੰ ਪਤੈ ਤੈਨੂੰ ਕਿੰਨੇ ਯਾਰ ਛਡ ਗਏ ? ਤੇਰੇ ਅੜਬ ਸੁਭਾ ਕਰਕੇ। ਤੇ ਜੇ ਤੂੰ ਇਹ ਕਰੇਂਗਾ ਤਾਂ ਆਪਣੀ ਵੀ ਸਾਸਰੀ ਕਾਲ।"

"ਮੈਨੂੰ ਤੇਰੀ ਕੋਈ ਪਰਵਾਹ ਨੀਂ।"

"ਚੰਗਾ ਅਗੇ ਹੋ — ਤੇ ਲਾ ਮੁੰਡੇ ਨੂੰ ਹੱਥ ਜੇ ਖੁਬ ਨਾ ਗੱਡ ਦਿਆਂ ਧਰਤੀ 'ਚ। ਸਹੁਰਾ ਕਸਾਈ।"

ਸਰਪੰਚ ਠਠੰਬਰ ਜਿਹਾ ਗਿਆ। ਉਸ ਦੇ ਪੈਰਾਂ ਹੇਠੋਂ ਧਰਤੀ ਹਿੱਲੀ। ਉਹ ਮਸਾਂ ਡਿੱਗਦਾ ਡਿੱਗਦਾ ਬਚਿਆ।

"ਲੈ ਹਟਾ —।" ਸਰਪੰਚ ਨੇ ਇਕਦਮ ਬਟੂਏ 'ਚੋਂ ਰੀਵਾਲਵਰ ਕਢ ਕੇ ਕਿਹਾ ਤੇ ਗੁਰਜੀਤ ਵਲ ਸਿਨ੍ਹ ਲਿਆ।

ਜੱਰਾਰ ਨੇ ਥਬੂਕਾ ਮਾਰਿਆ। ਹੇਠੋਂ ਹੱਥ ਮਾਰ ਕੇ ਰੀਵਾਲਵਰ ਧਰਤੀ ਤੇ ਡੇਗ ਦਿਤਾ ਤੇ ਅਗੇ ਹੋ ਕੇ ਚੁਕ ਲਿਆ ਝਟ ਨਾਲ ਰੀਵਾਲਵਰ 'ਚੋਂ ਸਾਰੇ ਰੌਂਦ ਕਢ ਲਏ। ਸਰਪੰਚ ਸੁੰਨ ਹੋਇਆ ਖੜਾ ਸੀ।

ਗੁਰਜੀਤ ਦੇ ਮੱਥੇ ਤੋਂ ਮੁੜ੍ਹਕਾ ਸਿੰਮ ਪਿਆ ਸੀ। ਉਸ ਨੂੰ ਕੱਚੀ ਤਰੇਲੀ ਆਈ

ਤੇ ਸਾਰਾ ਸਰੀਰ ਭਿਜ ਗਿਆ ਸੀ।

ਭੀੜ ਹੋਰ ਜਮ੍ਹਾਂ ਹੋ ਗਈ। ਉਹ ਤਿੰਨੇ ਭੀੜ 'ਚੋਂ ਬਾਹਰ ਆ ਗਏ। ਪਰ ਕਾਲਜ ਦੇ ਮੁੰਡੇ ਮਗਰ ਲਗੜ ਵਾਂਗ ਟੁੱਟੇ ਆ ਰਹੇ ਸਨ।

ਸਰਪੰਚ ਰਿਕਸ਼ੇ ਤੇ ਚੜ੍ਹ ਕੇ ਸਟੇਸ਼ਨ ਤੇ ਆ ਗਿਆ।

ਗੁਰਜੀਤ ਕਾਲਜ ਜਾ ਕੇ ਸੁਖਦੀਪ ਨੂੰ ਇਤਲਾਹ ਦੇ ਆਇਆ। ਸੁਖਦੀਪ ਸੁਣ ਕੇ ਸੁੰਨ ਹੋ ਗਈ ਸੀ। ਉਸ ਨੇ ਸ਼ੁਕਰ ਕੀਤਾ ਕਿ ਗੁਰਜੀਤ ਬਚ ਗਿਆ ਸੀ। ਉਹ ਘਰ ਪਹੁੰਚੀ ਤਾਂ ਜ਼ੋਰਾਰ ਅੰਦਰ ਬੈਠਾ ਸੀ। ਉਸ ਨੇ ਸੁਖਦੀਪ ਦਾ ਬਾਪ ਵਾਂਗ ਸਿਰ ਪਲੂਸਿਆ। ਸੁਖਦੀਪ ਦੀਆਂ ਅੱਖਾਂ 'ਚ ਪਤਾ ਨਹੀਂ ਕਿਉਂ ਹੰਝੂ ਆ ਗਏ।

"ਨਾ ਧੀਏ — ਰੋ ਨਾ — ਜਿੰਨਾ ਚਿਰ ਮੇਰੀ ਜਾਨ ਐ ਤੈਨੂੰ ਕਾਹਦਾ ਡਰ ਹੈ।" ਜ਼ੋਰਾਰ ਨੂੰ ਲੱਗਿਆ ਸੁਖਦੀਪ ਡਰਦੀ ਰੋਂਦੀ ਸੀ।

"ਨਹੀਂ ਚਾਚਾ ਜੀ ਮੈਨੂੰ ਡਰ ਕੋਈ ਨੀਂ — ਬਸ ਉਂ ਈ......।" ਸੁਖਦੀਪ ਨੇ ਅੱਖਾਂ ਪੂੰਝਦਿਆਂ ਕਿਹਾ।

"ਜੰਗ ਸਿਉਂ ਤਾਂ ਕਮਲੈ — ਬਸ ਇਕ ਗੱਲ ਪਿਛੇ ਪਿਐ — ਮੈਂ ਆਹਦਾਂ ਉਸ ਵਿਚਾਰੇ ਮੁੰਡੇ ਨੇ ਭਲਾ ਕੀ ਵਗਾੜਿਐ।" ਜ਼ੋਰਾਰ ਸਿੰਘ ਦਲੀਲ ਦੇਣ ਲਗ ਪਿਆ।

"ਪਹਿਲਿਆਂ ਨੇ ਕਿਹੜਾ ਕੁਝ ਵਗਾੜਿਆ ਸੀ ?"

"ਹਾਂ — ਇਹ ਗੱਲ ਵੀ ਠੀਕ ਐ — ਸਾਨੂੰ ਤਾਂ ਧੀਏ ਮਗਰ ਲਗਣਾ ਪਿਆ। ਨਹੀਂ ਤਾਂ ਇਹ ਕੰਮ ਚੰਗੇ ਤਾਂ ਨੀਂ — ਬੰਦਾ ਕਤਲ ਕਰਨਾ ਮਹਾਂ ਪਾਪ ਐ। ਮੈਨੂੰ ਤਾਂ ਕਈ ਵਾਰ ਨੀਂਦ ਨੀਂ ਅਉਂਦੀ। ਲਗਦੈ ਜਿਵੇਂ ਕੋਈ ਮੇਰੀ ਹਿੱਕ ਤੇ ਚੜ੍ਹ ਜਾਂਦੈ।" ਜ਼ੋਰਾਰ ਦੀਆਂ ਅੱਖਾਂ 'ਚ ਡਰ ਕੰਬ ਰਿਹਾ ਸੀ।

"ਚਾਚਾ ਜੀ — ਤੁਸੀਂ ਫੇਰ ਵੀ ਭੈੜੇ ਕੰਮ ਨਹੀਂ ਛਡਦੇ।"

"ਬਸ ਧੀਏ — ਮੈਂ ਤਾਂ ਕੰਨਾਂ ਨੂੰ ਹੱਥ ਲਾਲੇ — ਮੈਂ ਤਾਂ ਸਾਧ ਹੋਣ ਲਗਿਆਂ। ਜੰਗ ਸਿਉਂ ਦੇ ਮਗਰ ਲਗ ਕੇ ਐਨੇ ਪਾਪ ਕੀਤੇ ਐ — ਪਤਾ ਨਹੀਂ ਕਿੰਨੇ ਜਨਮਾਂ 'ਚ ਲਹਿਣਗੇ।" ਡਰ ਨਾਲ ਜ਼ੋਰਾਰ ਦੀ ਰੂਹ ਕੰਬੀ। ਸਾਰੀ ਦੇਹ ਕੰਬੀ। ਧੁਰ ਪੈਰਾਂ ਤਕ ਇਕ ਝਰਨਾਹਟ ਜਿਹੀ ਛਿੜ ਗਈ।

"ਸ਼ੁਕਰ ਐ ਜੇ ਤੁਹਾਡੇ 'ਚ ਪਰਾਸ਼ਚਿੱਤ ਆਇਐ। ਗੁਰਜੀਤ ਚੁੱਪ ਨਾ ਰਹਿ ਸਕਿਆ। ਉਹ ਬਰਾਬਰ ਜ਼ੋਰਾਰ ਦਾ ਚਿਹਰਾ ਪੜ੍ਹ ਰਿਹਾ ਸੀ।

"ਬਸ ਆਪਾਂ ਤਾਂ ਸਭ ਕੁਝ।" ਜਿਵੇਂ ਜ਼ੋਰਾਰ ਨੇ ਕੁਝ ਗਲ 'ਚ ਪਿਆ ਲਾਹ ਕੇ ਰਖ ਦਿਤਾ ਹੋਵੇ।

'ਚਾਚਾ ਜੀ ਹਰਵਿੰਦਰ ਦਾ ਕੀ ਹਾਲ ਹੈ ?" ਗੁਰਜੀਤ ਨੇ ਪੁੱਛਿਆ।

"ਉਸ ਵਿਚਾਰੇ ਤੇ ਪੁਲਿਸ ਨੇ ਬਹੁਤ ਜ਼ੁਲਮ ਕੀਤਾ -- ਰੂੰ ਵਾਂਗੂੰ ਪਿੰਜ ਤਾਂ — ਉਹ ਰਾਤ ਤਾਂ ਉਸ ਤੇ ਮਾੜੀ ਸੀ, ਪਰ ਬਚ ਗਿਆ।"

"ਹੈਂ ?" ਸੁਖਦੀਪ ਦੀ ਜਾਨ ਕੰਬੀ। ਸਾਹ ਉਤਾਂਹ ਨੂੰ ਗਏ। ਸੁਰਤ ਟਿਕਾਣੇ ਤੋਂ ਹੱਲੀ। ਮੁੱਖ ਦਾ ਰੰਗ ਵਸਾਰ ਵਾਂਗ ਪੀਲਾ ਹੋ ਗਿਆ।

"ਭੈਣ ਆਪਣੇ ਕੋਲ ਤਾਂ ਗੱਲ ਦਾ ਭੇਗ ਵੀ ਨੀਂ ਪਾਇਆ।"

"......।" ਅੱਡੇ ਮੂੰਹ ਬਾਹਰ ਆਏ ਆਨਿਆਂ ਨਾਲ ਸੁਖਦੀਪ ਝਾਕ ਰਹੀ ਸੀ। ਉਸ ਦੀ ਨਾੜ ਨਾੜ ਕੰਬ ਰਹੀ ਸੀ।

"ਕਿੰਨਾ ਸਬਰ ਹੈ ਉਸ ਬੰਦੇ 'ਚ।" ਗੁਰਜੀਤ ਹੈਰਾਨ ਹੋ ਰਿਹਾ ਸੀ।

"ਮੁੰਡਾ ਬੜਾ ਲੱਠੈ। ਸਰਪੰਚ ਤਾਂ ਐਵੇਂ ਵੈਰ ਪਿਐ।" ਜ਼ੋਰਾਰ ਨੇ ਕਿਹਾ।

"ਮੈਨੂੰ ਤਾਂ ਗੱਲ ਸਗੋਂ ਚੰਗੀ ਲਗੀ ਉਹਦਾ ਬੰਡੇ ਨਾਲ ਬੈਠਣ ਉਠਣ ਹੈ। ਦੁਸ਼ਮਣੀ ਸਹੂਰੀ ਤੋਂ ਕੋਈ ਕੀ ਖਟਦੈ। ਨਾ ਦਿਨੇ ਚੈਨ ਨਾ ਰਾਤ ਨੂੰ।" ਜ਼ੋਰਾਰ ਦੇ ਦਿਲ ਦੀ ਤਹਿ 'ਚੋਂ ਗੱਲਾਂ ਨਿਕਲ ਰਹੀਆਂ ਸਨ। ਉਸ ਦੇ ਚਿਹਰੇ ਤੇ ਪ੍ਰਾਸ਼ਚਿਤ ਦੀਆਂ ਲਕੀਰਾਂ ਸਿਆੜਾਂ ਵਾਂਗ ਉਭਰ ਆਈਆਂ ਸਨ। "ਆਪਾਂ ਤਾਂ ਅਜ ਤੋਂ ਫ਼ਕੀਰ ਬਣ ਜਾਣੈ।" ਜ਼ੋਰਾਰ ਨੂੰ ਜਿਵੇਂ ਆਪਣਾ ਅਗਲਾ ਪਰੋਗਰਾਮ ਦਸਿਆ।

ਰਾਤ ਭਰ ਸੁਖਦੀਪ ਨੂੰ ਨੀਂਦਰ ਨਾ ਪਈ। ਉਸ ਦੀ ਰੂਹ ਹਰਵਿੰਦਰ ਦੀ ਪੀੜ ਨੂੰ ਚੂਸ ਲੈਣਾ ਚਾਹੁੰਦੀ ਸੀ। ਹਰਵਿੰਦਰ ਨੂੰ ਭਾਲਦੀ ਉਹ ਸਾਰੀ ਰਾਤ ਭਟਕਦੀ ਰਹੀ, ਪਰ ਉਹ ਕਿਤੇ ਵੀ ਨਾ ਲੱਭਿਆ। ਚਿੱਟਾ ਦਿਨ ਚੜ੍ਹ ਗਿਆ। ਉਹ ਉਠੀ ਤਾਂ ਜ਼ੋਰਾਰ ਦਾ ਮੰਜਾ ਖ਼ਾਲੀ ਸੀ। ਉਹ ਪਤਾ ਨਹੀਂ ਕਿਹੜੇ ਵੇਲੇ ਤੇ ਕਿਧਰ ਅਲੋਪ ਹੋ ਗਿਆ ਸੀ। ਚਿੱਟਾ ਦਿਨ ਚੜ੍ਹ ਚੁਕਿਆ ਸੀ, ਪਰ ਗੁਰਜੀਤ ਘੂਕ ਸੁੱਤਾ ਪਿਆ ਸੀ।

---

## ਵਿਸ਼ੇਸ਼ ਸੂਚਨਾ

ਭਾਰਤ ਵਿੱਚ ਅਖ਼ਬਾਰੀ ਕਾਗਜ਼ ਦਾ ਭਾਰੀ ਸੰਕਟ ਆਉਣ ਕਾਰਨ ਬਹੁਤ ਸਾਰੇ ਪਰਚੇ ਬੰਦ ਹੋ ਗਏ ; ਅਤੇ ਅਗਾਂਹਵਧੂ ਵਿਚਾਰਾਂ ਦਾ ਸਮਰਥਨ ਕਰਨ ਵਾਲੇ ਕਈ ਪਰਚੇ ਜਿਵੇਂ "ਸਿਆੜ" ਨਕੋਦਰ, "ਹਰਾਵਲ" (ਅੰਮ੍ਰਿਤਸਰ), "ਸੁਨੇਹਾ" ਪ੍ਰੀਤ ਨਗਰ, "ਅਣੂਰੂਪ" ਤੇ "ਸੱਜਰੀ ਪੈੜ" ਕਲਕੱਤਾ ਆਦਿਕ ਪਰਚੇ ਵੀ ਇਸ ਸੰਕਟ ਦੀ ਲਪੇਟ ਵਿੱਚ ਆ ਗਏ। ਬਲੈਕ ਵਿੱਚ ਕਾਗਜ਼ ਬਹੁਤ ਮਹਿੰਗਾ ਵਿਕਦਾ ਹੈ – "ਲਿਖੂ" ਤ੍ਰਪਾ ਤੇ "ਸੰਕਲਪ" ਵੀ ਬੜੇ ਬੜੇ ਮੁਸ਼ਕਲ ਨਾਲ ਨਿਕਲਦੇ ਹਨ।

'ਵਤਨੋਂ ਦੂਰ' ਇੰਨ੍ਹਾਂ ਪਰਚਿਆਂ ਦੀ ਮੱਦਦ ਲਈ ਫੰਡ ਇਕੱਠਾ ਕਰਕੇ ਭੇਜ ਰਿਹਾ ਹੈ। 'ਵਤਨੋਂ ਦੂਰ' ਦੇ ਸਹਿਯੋਗੀ ਲੇਖਕਾਂ ਤੇ ਪਾਠਕਾਂ ਦਾ ਅਤੇ ਅਗਾਂਹਵਧੂ ਵਿਚਾਰਾਂ ਦੇ ਸਮਰਥਕਾਂ ਦਾ ਫ਼ਰਜ਼ ਹੈ ਕਿ ਉਹ ਇਸ ਕਾਰਜ ਵਿਚ ਸਾਡਾ ਹੱਥ ਵਟਾਉਣ। ਫਰਵਰੀ 74 ਵਿੱਚ ਅਸੀਂ ਸਾਰੇ ਮੱਦਦਗਾਰਾਂ ਦੀ ਸੂਚੀ ਛਾਪਾਂਗੇ। ਚੈੱਕ ਦੇ ਪਿਛਲੇ ਪਾਸੇ 'PANJABI PAPERS' FUND' ਲਿਖਿਆ ਹੋਵੇ ਤਾਂ ਵਧੇਰੇ ਠੀਕ ਹੈ। ਚੈੱਕ ਇਸ ਪਤੇ ਤੇ ਭੇਜੇ ਜਾ ਸਕਦੇ ਹਨ:-

'ਵਤਨੋਂ ਦੂਰ'

P.O. BOX 1041, COQUITLAM, B.C.

# We married for MONY

*North American*
*Life and Casualty Company*
*and The*
*Mutual Life Insurance*
*Company of New York*
*take pleasure in announcing*
*their union, September 1973,*
*as*
*MONY Life Insurance*
*Company of Canada.*

MONY
LIFE

999 West Broadway—8th Floor, Vancouver, B.C.

Telephone 736-3761



Patrick Graham
Manager

We met. We courted. Now we've become one, joining forces under a new name. MONY Life Insurance Company of Canada.

We think it will be good for us. And we know it will be good for our clients. They will now be serviced by a larger team of skilled investment and insurance experts. And they'll have a wider selection of financial products to choose from.

- Life insurance policies of all types for families (ask about our exclusive non-smoker's policy).
- Accident and sickness coverages to supplement those of government.
- Registered retirement savings plans for professional and self-employed people (and everyone else who wants to save income tax dollars).
- Annuities for guaranteed financial security in retirement.

Wish us well as we begin life together. And when you want to ensure there's always going to be money in your life, think of us.



G. Naby
254-7897



Gope Shewa
Bus: 736-3761
Res: 434-9812
689-5128



Shums Ladak
688-9107

# BAINS INTERNATIONAL TRAVEL SERVICE LTD.

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

# INDIA

# * $645.00

DEPART ANY DAY – MINIMUM STAY IN INDIA 14 DAYS
WITHIN FOUR DAYS.

**PLEASE CALL OR WRITE FOR FARES AND FOR FURTHER DEPARTURE DATES**

NOTE:

1. No membership requirement to join these group flights.
2. As seats are limited on the above flights, please contact us immediately to enable confirmation.
3. Minimum stay in India — 14 Days.

***Departures From Seattle to Delhi or Bombay***

ENQUIRE FOR OTHER SPECIAL FARES AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.

## GROUP FLIGHTS FROM VANCOUVER TO INDIA

**1973 - 74**

JANUARY 5, 12, 19, 26 — FEBRUARY 2, 9, 16, 23 — 'MARCH 2, 9, 16, 23, 30

We are appointed Agents for all major Airlines, such as — BOAC, AIR INDIA, AIR CANADA, AIR FRANCE, SWISSAIR, ALITALIA, PAN AMERICAN, TWA, JAPAN AIRLINES, CP AIR, NORTHWEST ORIENT, KLM LUFTHANSA, QANTAS, SAS — List is Endless'

NOTE: FARES ARE SUBJECT TO CHANGE WITHOUT NOTICE.

***Remember . . . One call does it all ! ! !***

ਬੈਂਸ ਟਰੈਵਲ ਸ ਰਵਿਸ ਲਿਮਟਿਡ

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀਂ ਸਾਨੂੰ ਆਕੇ ਦਰਸ਼ਨ ਦਿਓ, ਕਿਉਂਕਿ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸ ਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਅਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਵੇਗੀ।

**VANCOUVER**
**Paul S. Bains — Manager**
**Phone 324-2277**

**VICTORIA**
**Kuldeep S. Bains — Manager**
**Phone 386-6363**

6364 ਫਰੇਜ਼ਰ ਸਟਰੀਟ
ਵੈਨਕੂਵਰ-15, ਬੀ. ਸੀ.
ਫੋਨ: 324-2277

1710 ਡਗਲਸ ਸਟਰੀਟ
ਵਿਕਟੋਰੀਆ, ਬੀ. ਸੀ.
ਫੋਨ: 386-6363

New Address since January 19..
WATNO DUR
SURREY, B.C.

LITERARY & CULTURAL MONTHLY OF PANJABI
January 1974
THE WATNO DUR
Post Box No. 1041 Coquitlam, B.C., Canada
SECOND CLASS MAIL
REGISTRATION NUMBER: 3233

T.V. Black & White – Colour
Stereos – Car Stereos – Radio & Cassette Player – Clock Radio

SALES·SERVICE·RENTALS

# KR - TV

WORK GUARANTEED
BY CERTIFIED TECHNICIAN







HITACHI
100% Solid State



6674 Main St., Vancouver
321-6015

ਮਾਲਕ:
ਸ਼੍ਰੀ ਕੇ. ਐੱਮ ਰੰਗੀ

੬੬੭੪-ਮੇਨ ਸਟਰੀਟ,ਵੈਨਕੋਵਰ
੩੨੧-੬੦੧੫